ਸਾਂਝੀ ਵਿਰਾਸਤ

ਅੰਕ 39 ਜਿਲਦ 4

1-ਚੇਤ 556 / 14-ਮਾਰਚ 2025

ਸਾਂਝੀ ਵਿਰਾਸਤ (Shared Heritage)

ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ

ਗੈਰ-ਸਿਆਸੀ ਮਾਸਿਕ ਮੈਗਜ਼ੀਨ

A monthly Non-political, Not-for-profit (Bilingual) On-line magazine of

Punjabi Language, Culture, History and Heritage

Website: **sanjhivirasat.org**

ਵਿਸ਼ਾ ਸੂਚੀ (1-ਚੇਤ 556 / 14-ਮਾਰਚ 2025)

1	ਸੰਪਾਦਕੀ ਨੋਟ	ਮੁਖ ਸੰਪਾਦਕ	3
2	ਬਾਰਹ ਮਾਹਾ ਮ: 5 ਦਾ ਪਾਠ ਅਤੇ ਵਿਆਖਿਆ	ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ	4
3	ਬਾਰਹ ਮਾਹਾ ਦਾ ਪਾਠ ਅਤੇ ਕਾਵਿਕ ਵਿਆਖਿਆ	ਸਰਦਾਰ ਕਰਮਜੀਤ ਸਿੰਘ ਨੂਰ	5
4	ਸਫ਼ਰ-ਏ-ਸ਼ਹਾਦਤ : ਭਾਗ-3	ਸਰਦਾਰਨੀ ਗੁਰਨਾਮ ਕੌਰ	8
5	ਸ਼ਬਦ ਗੁਰੂ	ਡਾ. ਸਰਦਾਰ ਕਾਲਾ ਸਿੰਘ	10
6	ਜਾਪ ਸਾਹਿਬ: ਭਾਗ-3 ਅਕਾਲ ਪੁਰਖ ਦੀ ਪਰਿਭਾਸ਼ਾ, ਉਪਮਾਵਾਂ ਤੇ ਬੇਨਤੀਆਂ ਬਾਰੇ ਸ਼ਬਦ	ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਲਦੇਵ ਸਿੰਘ	14
7	**Sikhi Concept of Basant**	**Dr. Sardar D. P. Singh**	17
8	ਖੇਤੀ ਮਾਹਰ-ਡਾ. ਸਰਦਾਰਾ ਸਿੰਘ ਜੌਹਲ	ਡਾ. ਸਰਦਾਰ ਕਾਬਲ ਸਿੰਘ	19
9	ਮੈਂ ਔਰਤ ਹਾਂ (ਔਰਤ ਦਿਵਸ ਨੂੰ ਸਮਰਪਿਤ)	ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ	21
10	ਸੋ ਕਿਉ ਮੰਦਾ ਆਖੀਐ	ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ	22
11	ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ	ਪ੍ਰਸ਼ਨ - ਉਤੱਰ (13 - 15)	26
12	ਮਾਂ ਬੋਲੀ ਪੰਜਾਬੀ	ਸਰਦਾਰ ਗੁਰਚਰਨ ਸਿੰਘ ਜੋਗੀ	27
13	ਸਾਨੂੰ ਇਨ੍ਹਾਂ ਤੇ ਮਾਣ ਹੈ	ਸਾਂਝੀ ਵਿਰਾਸਤ	28
14	ਮਾਂ ਬੋਲੀ ਦਿਵਸ ਦੀ ਸ਼ਬਦ ਸ਼ਬਦ ਵਧਾਈ	ਸ਼੍ਰੀ ਸਤੀਸ਼ ਗੁਲਾਟੀ	31
15	ਵਿਅਕਤੀਗਤ ਲੀਡਰਸ਼ਿਪ ਤੋਂ ਸਿੱਖਾਂ ਦੇ ਨੁਕਸਾਨ	ਡਾ. ਸੁਖਮੰਦਰ ਸਿੰਘ	32
16	**Shaheed Baba Deep Singh Ji**	**Sardar M. J. S. Puri**	35
17	**Scientific Studies of Eclipses in 2025**	**S. Ransher Raj Singh**	38
18	ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ	ਐਡੀਟੋਰੀਅਲ ਬੋਰਡ	40
19	ਲੇਖਕਾਂ ਲਈ ਜ਼ਰੂਰੀ ਜਾਣਕਾਰੀ	ਐਡੀਟੋਰੀਅਲ ਬੋਰਡ	42
20	ਐਡੀਟੋਰੀਅਲ ਬੋਰਡ ਅਤੇ ਸਲਾਹਕਾਰ	ਸਾਂਝੀ ਵਿਰਾਸਤ	43-45

ਸੰਪਾਦਕੀ ਨੋਟ

(1-ਚੇਤ / 14-ਮਾਰਚ 2025 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 14 ਮਾਰਚ ਤੋਂ ਚੇਤ ਦਾ ਮਹੀਨਾ ਸ਼ੁਰੂ ਹੁੰਦਾ ਹੈ। ਇਸ ਦਿਨ ਗੁਰੂ ਹਰ ਰਾਇ ਸਾਹਿਬ ਦਾ ਗੁਰ-ਗੱਦੀ ਪੁਰਬ ਹੁੰਦਾ ਹੈ ਅਤੇ 19 ਮਾਰਚ ਗੁਰੂ ਹਰਗੋਬਿੰਦ ਸਾਹਿਬ ਦੇ ਜੋਤੀ ਜੋਤਿ ਸਮਾਵਣ ਦਾ ਦਿਵਸ ਹੈ। ਬਸੰਤ ਦਾ ਸੁਹਾਵਨਾ ਸਮਾ ਹੁੰਦਾ ਹੈ। 8 ਮਾਰਚ ਨੂੰ ਵਿਸ਼ਵ ਦੇ ਕਈ ਦੇਸਾਂ ਵਿਚ "ਅੰਤਰ-ਰਾਸ਼ਟ੍ਰੀ ਮਹਿਲਾ ਦਿਵਸ" ਮਨਾਇਆ ਜਾਂਦਾ ਹੈ। 'ਈਕੋਸਿੱਖ' (Eco-Sikh) ਵਲੋਂ "ਵਿਸ਼ਵ ਸਿੱਖ ਵਾਤਾਵਰਣ ਦਿਵਸ" ਮਨਾਉਂਦਿਆਂ 14 ਮਾਰਚ ਨੂੰ "ਗੁਰੂ ਨਾਨਕ ਪਵਿੱਤਰ ਜੰਗਲ" ਲਗਾਏ ਜਾਂਦੇ ਹਨ। ਇਥੇ ਅਜਿਹੇ ਦੁਰਲਭ ਰੁੱਖ ਲਗਾਏ ਜਾਂਦੇ ਹਨ ਜਿਨ੍ਹਾਂ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਪਰ ਹੁਣ ਅਲੋਪ ਹੋ ਰਹੇ ਹਨ।

21 ਮਾਰਚ ਜੰਗਲ ਬਚਾਉਣ, ਨਵੇਂ ਜੰਗਲ ਲਗਾਉਣ ਅਤੇ 22 ਮਾਰਚ "ਵਿਸ਼ਵ ਜਲ ਨਿਗਰਾਨੀ ਦਿਵਸ" ਵਜੋਂ ਮਨਾਏ ਜਾਂਦੇ ਹਨ। 23 ਮਾਰਚ ਨੂੰ ਅੰਗਰੇਜ਼ਾਂ ਵਲੋਂ ਸ਼ਹੀਦ ਸਰਦਾਰ ਭਗਤ ਸਿੰਘ ਨੂੰ ਦਿੱਤੀ ਫਾਂਸੀ ਦੀ ਯਾਦ ਕੀਤੀ ਜਾਂਦੀ ਹੈ। ਇਸੇ ਮਹੀਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਹੋਲੀ' ਨੂੰ 'ਹੋਲਾ ਮਹੱਲਾ' ਦੇ ਰੂਪ ਵਿੱਚ ਮਨਾਉਣਾ ਸ਼ੁਰੂ ਕੀਤਾ ਸੀ। ਕੁਝ ਮੁਲਕਾਂ ਵਿਚ 9 ਮਾਰਚ ਨੂੰ ਘੜੀਆਂ ਦਾ ਸਮਾ ਇੱਕ ਘੰਟਾ ਵਧਾਂਦੇ ਹਨ (Spring 'Leap Forward') ਤਾਕਿ ਲੋਕ ਵਧ ਸਮੇ ਤਕ ਕੰਮ ਕਰ ਸਕਣ। ਇਸ ਮਹੀਨੇ ਮੁਸਲਮਾਨ ਰੋਜ਼ੇ ਰਖਦੇ ਹਨ।

ਲੇਖਕ ਆਪਣੀਆਂ ਪੰਜਾਬੀ (ਗੁਰਮੁਖੀ ਲਿਪੀ ਵਿਚ) ਮੌਲਿਕ ਰਚਨਾਵਾਂ AnmolLipiHeavy ਵਿਚ ਅਤੇ ਅੰਗਰੇਜ਼ੀ ਦੀਆਂ ਰਚਨਾਵਾਂ Times New Roman ਵਿਚ ਭੇਜਣ ਦੀ ਕਿਰਪਾਲਤਾ ਕਰਨ ਜੀ। ਜੇ ਹੋ ਸਕੇ ਤਾਂ ਇਹ ਰਚਨਾਵਾਂ ਵੱਧ ਤੋਂ ਵੱਧ ਦੋ ਪਨਿੰਆਂ (ਲਗਭਗ 800 ਸ਼ਬਦਾਂ) ਤਕ ਹੀ ਰੱਖੀਆਂ ਜਾਣ। ਲੰਬੇ ਲੇਖ ਇਸ ਮੈਗਜ਼ੀਨ ਦੇ ਵੈਬਸਾਈਟ (sanjhivirasat.org) ਦੇ 'ਬਲਾਗ' ਉਤੇ ਜਾਂ ਲੜੀਵਾਰ ਵੀ ਛਾਪੇ ਜਾ ਸਕਦੇ ਹਨ।

ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਰਾਜਨੀਤਿਕ ਜਾਂ ਕਿਸੇ ਵੀ ਤਰਾਂ ਦੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ। ਸਾਡਾ ਮੰਤਵ ਕੇਵਲ ਨਰੋਏ ਸਮਾਜ ਅਤੇ ਭਾਈਚਾਰੇ ਲਈ ਵਿਦਵਾਨਾਂ ਦੇ ਲੇਖ ਅਤੇ ਕਾਵਿਕ ਵਿਚਾਰ ਪਾਠਕਾਂ ਤਕ ਪੁਚਾਣਾ ਹੈ।

ਲੇਖਕ ਆਪਣੀ ਫੋਟੋ (ਜੇ ਉਹ ਚਾਹੁਣ ਤਾਂ), ਆਪਣੇ ਸ਼ਹਿਰ ਤੇ ਦੇਸ ਦੇ ਨਾਂ, ਈ-ਮੇਲ, ਵੱਟਸਐਪ ਜਾਂ ਫੋਨ ਨੰਬਰ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਦੇਣ ਜੀ। ਪਾਠਕਾਂ ਅਤੇ ਲੇਖਕਾਂ ਦੇ ਸਹਿਯੋਗ ਦਾ ਧੰਨਵਾਦ।

ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ
sanjhivirasat13@gmail.com
surjitsinghbhatti@gmail.com

ਬਾਰਹ ਮਾਹਾ ਮਾਂਝ ਮਹਲਾ 5 ਘਰੁ 4

ਚੇਤ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ੴ ਸਤਿਗੁਰ ਪ੍ਰਸਾਦਿ ॥

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥

ਜਨਮਾਂ ਜਮਨਾਂਤਰਾਂ ਦੇ ਕੀਤੇ ਕਰਮਾਂ ਕਰਕੇ ਆਪਣੀ ਮੰਜ਼ਲ ਤੋਂ ਵਿੱਛੜੇ ਤੇ ਆਵਾਗਮਨ ਵਿਚ ਭਟਕਦੇ ਮਨੁੱਖੀ ਜੀਵ ਨੂੰ ਸਤਿਗੁਰਾਂ ਨੇ 'ਬਾਰਹ ਮਾਹਾ' ਦੀ ਜੀਵਨ ਯਾਤਰਾ ਵਿਚ ਮੰਜ਼ਲ ਦੀ ਸੇਧ ਦਿੱਤੀ ਹੈ। ਚੇਤ ਦਾ ਮਹੀਨਾ ਇਸ ਜੀਵਨ ਯਾਤਰਾ ਦਾ ਪਹਿਲਾ ਪੜਾਅ ਹੈ। ਇਹ ਨਾਨਕਸ਼ਾਹੀ ਸੰਮਤ ਦਾ ਪਹਿਲਾ ਰਿਤੂਰਾਜ ਬਸੰਤ ਦਾ ਮਹੀਨਾ ਹੈ ਜਿਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਦੇ 'ਬਾਰਹ ਮਾਹਾ' ਵਿਚ **"ਚੇਤੁ ਬਸੰਤੁ ਭਲਾ"** ਕਿਹਾ ਹੈ। ਮਨੁੱਖੀ ਜੀਵਨ ਵੀ ਸਭ ਜੋਨੀਆਂ ਤੋਂ ਸ੍ਰੇਸ਼ਟ ਪਦਵੀ ਵਾਲਾ ਸਮਾਂ ਹੈ।

ਭਗਤੀ ਦਾ ਆਖਰੀ ਪੜਾਅ ਆਨੰਦ ਹੈ ਜਿਸਦੀ ਪ੍ਰਾਪਤੀ ਲਈ ਪ੍ਰਭੂ ਦੀ ਅਰਾਧਨਾ ਕਰਨੀ ਦੱਸੀ ਗਈ ਹੈ। ਇਸ ਲਈ ਪ੍ਰਭੂ ਪਿਆਰੇ ਸਤਿਸੰਗੀਆਂ ਸੰਤ ਜਨਾਂ ਦੀ ਸੰਗਤ ਵਿਚ ਜ਼ਬਾਨ ਨਾਲ ਨਾਮ ਸਿਮਰਨ ਦੀ ਸਫਾਰਸ਼ ਕੀਤੀ ਹੈ। ਪ੍ਰਭੂ ਮਿਲਾਪ ਦਾ ਅਨੁਭਵ ਕਰਨਾ ਹੀ ਮਨੁੱਖੀ ਜੀਵਨ ਦਾ ਉਦੇਸ਼ ਹੈ, ਜਿਸ ਤੋਂ ਬਿਨਾ ਉਮਰ ਦਾ ਹਰ ਪਲ ਵਿਅਰਥ ਜਾ ਰਿਹਾ ਹੈ। ਸਿਮਰਨ ਦੁਆਰਾ ਕੁਦਰਤ ਦੇ ਜਲਾਂ ਥਲਾਂ ਖੰਡਾਂ ਵਰਭੰਡਾਂ ਵਿਚ ਪਰੀਪੂਰਣ ਵਾਹਿਗੁਰੂ ਦਾ ਅਨੁਭਵ ਹੁੰਦਾ ਹੈ।

ਸਿਮਰਨ ਬਿਨਾ ਜੀਵਨ ਅਸਹਿ ਦੁਖਾਂ ਦੇ ਭਵਸਾਗਰ ਵਿਚ ਗੋਤੇ ਖਾਣ ਲਗਦਾ ਹੈ। ਇਸ ਦੇ ਵਿਪਰੀਤ ਪ੍ਰਭੂ ਦੇ ਸਿਮਰਨ ਕਰਨ ਵਾਲੇ ਪ੍ਰਾਣੀਆਂ ਦੇ ਭਾਗ ਜਾਗ ਪੈਂਦੇ ਹਨ ਤੇ ਜੀਵਨ ਆਨੰਦਮਈ ਹੋ ਜਾਂਦਾ ਹੈ। ਸਤਿਸੰਗਤ ਵਿਚ ਸਿਮਰਨ ਨਾਲ ਮਨ ਵਿਚ ਪ੍ਰਭੂ ਦਰਸ਼ਨ ਦੀ ਪਿਆਸ ਜਾਗ ਪੈਂਦੀ ਹੈ ਅਤੇ ਮਨੁੱਖ ਇਸ ਮਾਰਗ ਤੇ ਚਲ ਰਹੇ ਸਤਿਸੰਗੀਆਂ ਦੇ ਚਰਨਾ ਵਿਚ ਬੈਠਣ ਦਾ ਉਪਰਾਲਾ ਕਰਨ ਲਗ ਪੈਂਦਾ ਹੈ।

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡਮਿੰਟਨ

(ਕੈਨੇਡਾ)

ਬਾਰਹ ਮਾਹਾ

1-ਚੇਤ (14-ਮਾਰਚ) ਵਾਲੇ ਦਿਨ ਨਵਾਂ ਨਾਨਕਸ਼ਾਹੀ ਸਾਲ ਸ਼ੁਰੂ ਹੋਇਆ ਹੈ।
ਸਾਰੇ ਪਾਠਕਾਂ ਨੂੰ ਬਹੁਤ ਬਹੁਤ ਮੁਬਾਰਕਬਾਦ।

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ॥ ੴ ਸਤਿਗੁਰ ਪ੍ਰਸਾਦਿ ॥

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥ ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥ ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥ ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥ ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥ ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥ ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ॥ ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ॥ ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥ ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ॥

'ਬਾਰਹ ਮਾਹਾ' ਲੋਕ ਕਾਵਿ ਦਾ ਇੱਕ ਰੂਪ ਹੈ। ਇਸ ਵਿਚ ਦੇਸੀ ਬਾਰਾਂ ਮਹੀਨਿਆਂ ਦੇ ਬਦਲਦੇ ਕੁਦਰਤੀ ਵਾਤਾਵਰਣ ਨੂੰ ਪਿਛੋਕੜ ਵਿੱਚ ਰੱਖ ਕੇ ਪ੍ਰੀਤਮ ਤੋਂ ਵਿੱਛੜੀ ਬਿਰਹਨੀ ਦੀਆਂ ਪ੍ਰੇਮ-ਪੀੜਾਂ ਨੂੰ ਪੇਸ਼ ਕੀਤਾ ਜਾਂਦਾ ਹੈ। ਬਾਰਾਂ ਮਾਹ ਦੇ ਸ਼ਾਬਦਿਕ ਅਰਥ ਹਨ ਹਰ ਸਾਲ ਦੇ ਬਾਰਾਂ ਮਹੀਨੇ। ਇਸ ਵਿੱਚ ਕਿਸੇ ਵਿਜੋਗਣ ਇਸਤ੍ਰੀ ਦੇ ਹਰ ਮਹੀਨੇ ਵਿੱਚ ਮਹਿਸੂਸ ਕੀਤੇ ਮਾਨਸਿਕ ਦੁੱਖਾਂ ਤੇ ਮਨੋਵੇਦਨਾਵਾਂ ਦਾ ਜ਼ਿਕਰ ਹੁੰਦਾ ਹੈ। ਸਾਲ ਦੇ ਬਾਰਾਂ ਮਹੀਨਿਆਂ ਨੂੰ ਲੜੀ ਵਾਰ ਲਿਆ ਜਾਂਦਾ ਹੈ ਤੇ ਵਿਜੋਗਣ ਦੇ ਵਿਜੋਗ ਨੂੰ ਵੀ ਬਾਰਾਂ ਮਹੀਨਿਆਂ ਦੇ ਕ੍ਰਮ ਵਿਚ ਲਿਖਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੋ ਬਾਰਾਂ ਮਾਹ ਹਨ। ਪਹਿਲਾ ਰਾਗ ਤੁਖਾਰੀ ਵਿੱਚ ਗੁਰੂ ਨਾਨਕ ਦੇਵ ਜੀ ਦੁਆਰਾ ਅਤੇ ਦੂਜਾ ਮਾਝ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਹੈ।

ਭਾਵ ਅਰਥ

ਹੇ ਪ੍ਰਭੂ ਅਸੀਂ ਆਪਣੇ ਕੀਤੇ ਕਰਮਾਂ ਦੀ ਕਮਾਈ ਕਰਕੇ ਤੇਰੇ ਤੋਂ ਵਿੱਛੜ ਕੇ ਮਾਇਆ ਦੇ ਸੁੱਖਾਂ ਲਈ ਚੁਫੇਰੇ ਭਟਕਦੇ ਰਹੇ ਹਾਂ ਅਤੇ ਹੁਣ ਤੇਰੀ ਸ਼ਰਨ ਆਏ ਹਾਂ। ਜਿਵੇਂ ਦੁੱਧ ਨਾ ਦੇਣ ਵਾਲੀ ਗਊ ਅਤੇ ਪਾਣੀ ਤੋਂ ਬਗੈਰ ਸੁੱਕੀ ਹੋਈ ਫਸਲ ਕਿਸੇ ਕੰਮ ਨਹੀਂ ਆਉਂਦੀ ਇਸੇ ਤਰ੍ਹਾਂ ਉਸ ਜੀਵ ਇਸਤ੍ਰੀ ਦੇ ਕੀਤੇ ਹੋਏ ਸਾਰੇ ਸ਼ਿਗਾਰ ਵਿਅਰਥ ਹਨ ਜਿਸ ਨੂੰ ਪ੍ਰਭੂ ਪਤੀ ਦਾ ਮਿਲਾਪ ਨਸੀਬ ਨਹੀਂ ਹੋਇਆ। ਇਸ ਲਈ ਨਾਨਕ ਦੀ ਬੇਨਤੀ ਹੈ ਕਿ ਪ੍ਰਭੂ ਜੀ ਆਪਣੇ ਨਾਮ ਦੀ ਦਾਤ ਬਖਸ਼ੋ ਅਤੇ ਆਪਣੇ ਚਰਨਾਂ ਨਾਲ ਜੋੜੀ ਰੱਖੋ।

(Er. Karamjit Singh 'Noor', Jalandhar) Mob. 9815023970

ਬਾਰਹ ਮਾਹਾ – ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ – 9815023970

ਕਰਮ ਜੋ ਕਮਾਏ, ਉਹਨਾਂ ਪਿੱਛੇ ਤੈਥੋਂ ਵਿਛੜੇ ਹਾਂ,
ਮਿਹਰ ਕਰੋ ਪ੍ਰਭੂ ਨਾਲ ਆਪਣੇ ਮਿਲਾ ਲਵੋ।

ਭਟਕੇ ਚੁਫੇਰੇ ਥੱਕ ਹਾਰ ਕੇ ਅਖੀਰ ਆਏ,
ਪ੍ਰਭੂ ਹੁਣ ਸਾਨੂੰ ਸ਼ਰਨ ਆਪਣੀ 'ਚ ਪਾ ਲਵੋ।

ਫੰਡਰ ਜੋ ਹੋ ਜਾਏ ਗਊ ਦੁੱਧ ਦੇਣੋ ਹਟ ਜਾਵੇ,
ਐਸੀ ਗਊ ਦੱਸੋ ਫੇਰ ਕੰਮ ਕਿਹੜੇ ਆਂਵਦੀ।

ਪਾਣੀ ਤੋਂ ਬਗੈਰ ਸੁੱਕ ਸੜ ਜਾਏ ਫਸਲ ਜਿਹੜੀ,
ਉਹ ਵੀ ਮੰਡੀ ਵਿੱਚ ਕੋਈ ਮੁੱਲ ਨਹੀਂ ਪੁਆਂਵਦੀ।

ਕਿਵੇਂ ਚੈਨ ਪਾਵੇ ਜੀਵ ਇਸਤ੍ਰੀ ਉਹ ਜਿਹਨੂੰ ਕਦੇ,
ਮਿਲਿਆ ਨਹੀਂ ਸੁਖ ਪ੍ਰਭੂ ਪਤੀ ਦੇ ਮਿਲਾਪ ਦਾ।

ਹਿਰਦੇ 'ਚ ਹਰੀ ਖਸਮ ਵੱਸਿਆ ਨਹੀਂ ਜਿਹਦੇ ਉਹਨੂੰ,
ਪਿੰਡ ਸ਼ਹਿਰ ਤਪਦੀ ਹੋਈ ਭੱਠੀ ਵਾਂਗੂੰ ਜਾਪਦਾ।

ਸਾਰੇ ਰਸ ਉਹਦੇ ਲਈ ਵਿਅਰਥ ਨੇ ਸਰੀਰ ਸਣੇ,
ਕੀਤੇ ਹੋਏ ਸ਼ਿੰਗਾਰ ਤੇ ਲਗਾਏ ਬੀੜੇ ਪਾਣ ਦੇ।

ਮਾਲਕ ਦੀ ਯਾਦ ਬਿਨਾਂ ਮਿੱਤਰ ਤੇ ਸੱਜਣ ਵੀ,
ਸਾਰੇ ਉਹਨੂੰ ਜਾਪਦੇ ਨੇ ਵੈਰੀ ਉਹਦੀ ਜਾਨ ਦੇ।

ਇਸੇ ਲਈ ਦਾਤਾ ਇਹੋ ਨਾਨਕ ਦੀ ਬੇਨਤੀ ਹੈ,
ਨਾਮ ਵਾਲੀ ਦਾਤ ਮੇਰੀ ਝੋਲੀ ਵਿੱਚ ਪਾਓ ਜੀ।

ਜੇਸ ਦਾ ਟਿਕਾਣਾ ਹੈ ਅਟੱਲ, ਸਦਾ ਰਹਿਣ ਵਾਲਾ,
ਐਸੇ ਪ੍ਰਭੂ, ਸਾਨੂੰ ਨਾਲ ਆਪਣੇ ਮਿਲਾਓ ਜੀ।

ਚੇਤਰ ਮਹੀਨੇ ਦਾ ਪਾਠ ਅਤੇ ਉਸ ਦੀ ਕਾਵਿਕ ਵਿਆਖਿਆ

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪॥ ੧ੴ ਸਤਿਗੁਰ ਪ੍ਰਸਾਦਿ ॥

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥ ਹਰਿ ਦਰਸਨ ਕਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥

ਭਾਵ ਅਰਥ

ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਚੇਤ ਦਾ ਮਹੀਨਾ ਬਸੰਤ ਦੀ ਮਨਮੋਹਕ ਰੁਤ ਦਾ ਮਹੀਨਾ ਹੈ। ਇਸ ਵਿੱਚ ਪਰਮਾਤਮਾ ਨੂੰ ਸਿਮਰੀਏ ਤਾਂ ਮਨ ਨੂੰ ਆਨੰਦ ਮਿਲਦਾ ਹੈ। ਉਨ੍ਹਾਂ ਜੀਵਾਂ ਦਾ ਹੀ ਸੰਸਾਰ ਵਿੱਚ ਆਇਆ ਸਫਲ ਹੈ ਜਿਨ੍ਹਾਂ ਨੇ ਜਪ ਜਪ ਕੇ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ ਹੈ। ਪਰ ਜਿਨ੍ਹਾਂ ਨੂੰ ਉਹ ਕਣ ਕਣ ਵਿੱਚ ਵਸਣ ਵਾਲਾ ਪ੍ਰਭੂ ਚੇਤੇ ਨਹੀਂ ਆਉਂਦਾ, ਉਨ੍ਹਾਂ ਦਾ ਦੁੱਖ ਬਿਆਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਉਸ ਤੋਂ ਬਿਨਾਂ ਇੱਕ ਪਲ ਵੀ ਜੀਣਾ ਜਨਮ ਬਿਰਥਾ ਗਵਾਉਣਾ ਹੈ। ਨਾਨਕ ਜੀ ਦੇ ਮਨ ਨੂੰ ਵੀ ਹਰੀ ਦੇ ਦਰਸ਼ਨ ਦੀ ਪਿਆਸ ਲੱਗੀ ਹੈ। ਚੇਤ ਦੇ ਮਹੀਨੇ ਵਿੱਚ ਜੋ ਮੈਨੂੰ ਉਸ ਦੇ ਨਾਲ ਮਿਲਾ ਦੇਵੇ, ਮੈਂ ਉਸ ਦੇ ਚਰਨੀ ਲੱਗਾਂਗਾ।

ਕਾਵਿਕ ਵਿਆਖਿਆ

ਚੇਤ ਦੇ ਮਹੀਨੇ ਵਿਚ ਆਉਂਦਾ ਹੈ ਅਨੰਦ
ਬੜਾ, ਜਦੋਂ ਵੀ ਗੋਬਿੰਦ ਨੂੰ ਧਿਆਈਦਾ।
ਜੀਭਾ ਨਾਲ ਜਪ ਜਪ ਨਾਮ ਪਰਮਾਤਮਾ ਦਾ,
ਸੰਤਾਂ ਦੀ ਸੰਗਤ ਚੋਂ ਪਾਈਦਾ।
ਪਾ ਲਿਆ ਹੈ ਏਸ ਤਰਾਂ ਜਿਨ੍ਹੇ ਪ੍ਰਭੂ ਆਪਣੇ ਨੂੰ,
ਓਸ ਦਾ ਹੀ ਆਉਣਾ ਕਿਸੇ ਅਰਥ ਹੈ।
ਇਕ ਪਲ ਜੀਣਾ ਵੀ ਕੀ ਜੀਣਾ ਹੈ ਪਿਆਰੇ
ਬਿਨਾ, ਜਾਣੋ ਜਿਵੇਂ ਜਨਮ ਹੀ ਵਿਆਰਥ ਹੈ।
ਧਰਤੀ ਆਕਾਸ਼ ਤੇ ਪਤਾਲ 'ਚ ਹੈ ਵਾਸ
ਜਿਹਦਾ, ਵਣਸਪਤੀ ਵਿਚ ਜੋ ਸਮਾਇਆ ਹੈ।
ਕਿੱਡਾ ਹੈ ਦੁਖਾਂਤ ਹਾਏ ! ਮੇਰੇ ਮਨਾ ਐਸਾ ਪ੍ਰਭੂ,
ਤੈਨੂੰ ਕਦੇ ਚੇਤੇ ਵੀ ਨਾ ਆਇਆ ਹੈ।
ਕਿੰਨੇ ਭਾਗਾਂ ਵਾਲੇ ਨੇ ਉਹ ਜੀਵ ਏਸ ਜਗ
ਉਤੇ, ਜਪਿਆ ਹੈ ਜਿਨ੍ਹਾਂ ਕਰਤਾਰ ਨੂੰ।
ਲੱਗੀ ਹੈ ਪਿਆਸ ਡਾਹਢੀ, ਨਾਨਕ ਦਾ ਮਨ
ਪਿਆ ਲੋਚਦਾ ਹੈ ਪ੍ਰਭੂ ਦੇ ਦੀਦਾਰ ਨੂੰ।
ਚੇਤ ਦੇ ਮਹੀਨੇ ਰਾਹੀਂ ਨਾਨਕ ਜੀ ਆਖਦੇ ਨੇ,
ਕੋਈ ਮੇਰੀ ਪਿਆਸ ਨੂੰ ਬੁਝਾ ਦੇਵੇ।
ਕਰ ਦੇਵਾਂ ਆਪਾ ਉਹਦੇ ਚਰਣਾਂ 'ਚ ਭੇਂਟ 'ਨੂਰ'
ਜਿਹੜਾ ਮੈਨੂੰ ਪ੍ਰਭੂ ਨਾਲ ਮਿਲਾ ਦੇਵੇ ।

(Er. S. Karamjit Singh Noor, Jalandhar)

ਸਫ਼ਰ-ਏ-ਸ਼ਹਾਦਤ : ਭਾਗ - 3

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)

ਚਮਕੌਰ ਸਾਹਿਬ ਦੀ ਗੜ੍ਹੀ ਛੱਡਣ ਵੇਲੇ ਗੁਰੂ ਸਾਹਿਬ ਨੇ ਆਪਣਾ ਜੋੜਾ ਉਤਾਰ ਦਿੱਤਾ ਸੀ। ਨੰਗੇ ਪੈਰੀਂ ਪੁੱਤਰਾਂ ਦੀਆਂ ਲਾਸ਼ਾਂ ਕੋਲੋਂ ਲੰਘੇ। ਪੰਜਾਬੀ ਦੀ ਕਹਾਵਤ ਹੈ ਸਿਰ ਤੇ ਕਫ਼ਣ ਬੰਨ੍ਹ ਕੇ ਤੁਰਨਾ, ਪਰ ਇਹ ਉਹ ਮਰਜੀਵੜੇ ਹਨ, ਉਹ ਪਵਿੱਤਰ ਸਰੀਰ ਹਨ ਜਿਨ੍ਹਾਂ ਨੇ ਕਫ਼ਣ ਦੀ ਵੀ ਆਸ ਨਹੀਂ ਸੀ ਕੀਤੀ।

ਚਮਕੌਰ ਵਾਲੀ ਗੜ੍ਹੀ ਹੌਂਕੇ ਲੈ ਲੈ ਪੁਕਾਰਦੀ,
ਕੱਫ਼ਣ ਤੋਂ ਵਾਂਝੀ ਲਾਸ਼ ਅਜੀਤ ਤੇ ਜੁਝਾਰ ਦੀ।

ਜਦੋਂ ਭਾਈ ਦਇਆ ਸਿੰਘ ਨੇ ਕਿਹਾ ਸੀ ਪਾਤਸ਼ਾਹ ਅਪਣੇ ਕਮਰਕਸੇ ਦਾ ਕਪੜਾ ਪਾੜ ਕੇ ਹੀ ਬੱਚਿਆਂ ਦੇ ਚਿਹਰੇ ਕੱਜ ਦਿਓ ਤਾਂ ਗੁਰੂ ਸਾਹਿਬ ਨੇ ਜਵਾਬ ਦਿੱਤਾ:

ਮੈਂ ਇਹ ਨਾ ਸੁਣਾ ਦਇਆ ਸਿੰਘਾਂ,
ਗੋਬਿੰਦ ਸਿੰਘ ਨੇ ਪੁੱਤ ਹੋਰ ਸਮਝੇ।

ਚਮਕੌਰ ਸਾਹਿਬ ਦੀ ਗੜ੍ਹੀ ਵਿੱਚ ਵਾਪਰੀਆਂ ਇਹ ਮਹਿਜ਼ ਘਟਨਾਵਾਂ ਨਹੀਂ ਹਨ। ਇਹ ਤਾਂ ਖ਼ਾਲਸੇ ਦਾ ਪ੍ਰੈਕਟਿਕਲ ਹੈ। ਗੁਰੂ ਦੇ ਸਨਮੁੱਖ ਸ਼ਹਾਦਤਾਂ। ਇਹ ਪਿਛਲੇ ਸਵਾ ਦੋ ਸੌ ਸਾਲਾਂ ਦੇ ਇਤਿਹਾਸ ਦੀ ਪੇਸ਼ਕਾਰੀ। ਘਟਨਾਵਾਂ ਜੋ ਸੱਚ ਦਾ ਪ੍ਰਗਟਾਵਾ ਹਨ। ਦਸ ਲੱਖ ਦੇ ਘੇਰੇ ਵਿੱਚੋਂ ਨਿਕਲ ਕੇ ਹਜੂਰ ਸਾਹਿਬ ਤੱਕ ਪਹੁੰਚਣਾ ਕਿਸੇ ਕਰਾਮਾਤ ਤੋਂ ਘੱਟ ਨਹੀਂ ਜਦੋਂ ਕਿ ਚੱਪੇ ਚੱਪੇ ਤੇ ਫੌਜ ਦੀ ਗਸ਼ਤ ਹੈ। ਹਾਥੀ, ਘੋੜੇ, ਬਾਜ਼, ਕਲਗੀ ਆਦਿ ਸਭ ਕੁਝ ਗਾਇਬ। ਇਹ ਸ਼ਾਨੋ ਸ਼ੌਕਤ ਕੁਝ ਸਮੇਂ ਲਈ ਹੈ। ਇਸ ਤੋਂ ਬਾਅਦ ਦਾ ਸਫ਼ਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦੀ ਪਦਵੀ ਤੇ ਸੁਸ਼ੋਭਿਤ ਕਰਨ ਵੱਲ ਹੈ। ਅਨੰਦ ਪੁਰ ਸਾਹਿਬ ਤੋਂ ਤੁਰੇ ਕਾਫਲੇ ਵਿੱਚੋਂ ਸਿਰਫ਼ ਤਿੰਨ ਸਿੰਘ,ਦਇਆ ਸਿੰਘ, ਧਰਮ ਸਿੰਘ ਅਤੇ ਮਾਨ ਸਿੰਘ ਹੀ ਬਚੇ ਹਨ। ਸਭ ਕੁਝ ਕੌਮ ਦੇ ਲੇਖੇ ਲਾ ਗੁਰੂ ਸਾਹਿਬ ਨੰਗੇ ਪੈਰੀਂ ਮਾਛੀਵਾੜੇ ਦੇ ਜੰਗਲਾਂ ਵਿੱਚ ਅਕਾਲ ਪੁਰਖੁ ਦਾ ਸ਼ੁਕਰਾਨਾ ਕਰਦੇ ਹੋਏ ਸ਼ਬਦ ਉਚਾਰਦੇ ਹਨ :

ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ।

ਇਸ ਸੱਥਰ ਤੇ ਬੈਠ ਨੌਂ ਸਾਲ ਦੀ ਉਮਰ ਵਿੱਚ ਤੋਰਿ ਗੁਰੂ ਪਿਤਾ ਵੀ ਯਾਦ ਆਇਆ ਹੋਵੇਗਾ। ਸੱਤ ਦਿਨਾਂ ਵਿਚ ਤੋਰੇ ਮਾਤਾ ਗੁਜਰ ਕੌਰ ਜੀ ਅਤੇ ਚਾਰੇ ਸਾਹਿਬਜ਼ਾਦੇ, ਤਿੰਨ ਪਿਆਰੇ ਅਤੇ ਜਾਨ ਤੋਂ ਪਿਆਰੇ ਸਿੰਘ ਜੋ ਗੁਰੂ ਲਈ ਆਪਾ ਵਾਰ ਗਏ। ਗੁਰੂ ਜੀ ਨੂੰ ਸੱਥਰ ਤੇ ਬੈਠਣਾ ਤਾਂ ਸਕੂਨ ਦਿੰਦਾ ਹੈ ਪਰ ਥੋੜ ਚਿਰੀਆਂ ਖੁਸ਼ੀਆਂ ਲਈ ਸਮਝੌਤੇ ਕਰਨੇ ਭੱਠੀ ਵਿੱਚ ਤਪਣ ਬਰਾਬਰ ਹੈ। ਇਥੋਂ ਹੀ ਪੁਰਾਣੇ ਮਸੰਦ ਗੁਲਾਬਾ ਅਤੇ ਪੰਜਾਬਾ ਗੁਰੂ ਸਾਹਿਬ ਨੂੰ ਅਪਣੇ ਘਰ ਲੈ ਜਾਂਦੇ ਹਨ। ਪਰ ਉਹ ਮੁਗਲ ਹਕੂਮਤ ਦੇ ਜ਼ੁਲਮਾਂ ਤੋਂ ਡਰ ਕੇ ਦੂਜੇ ਦਿਨ ਹੀ ਗੁਰੂ ਸਾਹਿਬ ਨੂੰ ਘਰੋਂ ਜਾਣ ਲਈ ਕਹਿ ਦਿੰਦੇ ਹਨ। ਇਥੇ ਹੀ ਗੁਰੂ ਸਾਹਿਬ ਅਪਣੀ ਸ਼ਰਧਾਲੂ ਸੇਵਿਕਾ ਮਾਤਾ ਹਰਦੇਈ ਜੀ ਨੂੰ ਸੁਨੇਹਾ ਭੇਜ ਕੇ ਉਹ ਕਪੜੇ ਦਾ ਥਾਨ ਮੰਗਵਾਉਂਦੇ ਜੋ ਉਸ ਦੀ ਯਾਦ ਵਿੱਚ ਭਿੱਜ ਕੇ ਬਣਾਇਆ ਸੀ। ਉਸ ਥਾਨ ਨੂੰ ਲਲਾਰੀ ਤੋਂ ਨੀਲੇ ਰੰਗ ਦਾ ਰੰਗਵਾ ਕੇ ਚਾਰ ਚੋਲੇ ਬਣਵਾ ਕੇ ਇੱਕ ਆਪ ਅਤੇ ਤਿੰਨ ਦੂਜੇ ਸਿੰਘਾਂ ਨੂੰ ਪਹਿਨਣ ਲਈ ਕਹਿੰਦੇ ਹਨ। ਫਿਰ ਐਥੋਂ ਨਬੀ ਖ਼ਾਨ ਅਤੇ ਗਨੀ ਖਾਨ ਆਪਣੇ ਘਰ ਲੈ ਜਾਂਦੇ ਹਨ ਜਿਥੋਂ ਉਹ ਗੁਰੂ ਜੀ ਨੂੰ ਉੱਚ ਦਾ ਪੀਰ ਬਣਾ ਕੇ ਮੁਗਲਾਂ ਦੀ ਫੌਜ ਦੇ ਘੇਰੇ ਵਿੱਚੋਂ ਬਾਹਰ ਕੱਢਦੇ ਹਨ।

ਦੀਨਾ ਕਾਂਗੜ ਦੀ ਧਰਤੀ ਤੇ ਨੂਰੇ ਮਾਹੀ ਤੋਂ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਬਾਰੇ ਸੁਣਿਆ। ਧਰਤੀ ਚੋਂ ਇੱਕ ਕਾਹੀ ਦਾ ਬੂਟਾ ਪੁੱਟਦਿਆਂ ਬੋਲੇ ਹੁਣ ਮੁਗਲ ਸਾਮਰਾਜ ਦੀਆਂ ਜੜ੍ਹਾਂ ਪੁਟੀਆਂ ਗਈਆਂ ਹਨ। ਇਥੋਂ ਹੀ ਗੁਰੂ ਸਾਹਿਬ ਨੇ ਔਰੰਗਜ਼ੇਬ ਵੱਲ ਜ਼ਫ਼ਰਨਾਮਾ ਲਿਖਿਆ। ਕਲਮ ਦੀ ਨੋਕ ਨਾਲ ਜ਼ੁਲਮ ਖਿਲਾਫ ਭੇਜਿਆ ਇਹ ਅਣਿਆਲਾ ਤੀਰ ਔਰੰਗਜ਼ੇਬ ਨੂੰ ਵਿੰਨ੍ਹ ਗਿਆ। ਉਸ ਦੀਆਂ ਝੂਠੀਆਂ ਸੌਂਹਾਂ, ਝੂਠੇ ਇਕਰਾਰ, ਫਰੇਬ ਅਤੇ ਜ਼ੁਲਮਾਂ ਨੰਗਾ ਕਰ ਦਿੱਤਾ। ਇਸ ਤੋਂ ਬਾਅਦ ਉਹ ਸੁੱਖ ਦੀ ਨੀਂਦ ਨਹੀਂ ਸੌਂ ਸਕਿਆ ਅਤੇ ਪਾਗਲ ਹੋ ਕੇ ਮਰਿਆ। ਜ਼ਫ਼ਰਨਾਮਾ ਸ਼ਬਦਾਂ ਉਹ ਮਨੋਵਿਗਿਆਨ ਹੈ ਜਿਸ ਨੇ 750 ਸਾਲ ਪੁਰਾਣੀਆਂ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜ ਪੰਜਾਬੀਆਂ ਦਾ ਹੱਥ ਤਲਵਾਰ ਦੇ ਮੁੱਠੇ ਨੂੰ ਪਵਾ ਦਿੱਤਾ। ਜਦੋਂ ਸਾਰੇ ਹੀਲੇ ਖਤਮ ਹੋ ਜਾਣ ਤਾਂ ਤਲਵਾਰ ਦੇ ਮੁੱਠੇ ਨੂੰ ਹੱਥ ਪਾਉਣਾ ਜਾਇਜ਼ ਹੈ।

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।।

ਬੀਬੀ ਸ਼ਰਨ ਕੌਰ ਨੇ ਲਾਸ਼ਾਂ ਦੇ ਢੇਰ ਵਿਚੋਂ ਗੜ੍ਹੀ ਦੇ ਸਿੰਘ ਸ਼ਹੀਦਾਂ ਦਾ ਉਨ੍ਹਾਂ ਦੇ ਕੜੇ, ਬਾਣੇ ਅਤੇ ਕਕਾਰਾਂ ਤੋਂ ਪਛਾਣਿਆ ਅਤੇ ਲੱਕੜਾਂ ਦਾ ਵੱਡਾ ਢੇਰ ਲਾ ਕੇ ਸਸਕਾਰ ਕੀਤਾ, ਕੀਰਤਨ ਸੋਹਿਲਾ ਦਾ ਪਾਠ ਕਰਕੇ ਆਪ ਚਿਖਾ ਦੀਆਂ ਲਾਟਾਂ ਵਿਚ ਹੀ ਭਸਮ ਹੋ ਗਈ।

ਭਾਈ ਦਿਆਲ ਜੀ

ਚਮਕੌਰ ਸਾਹਿਬ ਤੋਂ ਚਾਰ ਕੁ ਮੀਲ ਦੀ ਵਿੱਥ ਤੇ ਪਿੰਡ ਬੇਲਾ ਹੈ। ਇਥੋਂ ਦਾ ਰਈਸ ਭਾਈ ਹਰਦਿਆਲ ਸਿੰਘ (ਭਾਈ ਦਿਆਲ) ਦੇ ਖੇਤਾਂ ਵਿੱਚ ਇਹ ਜੰਗ ਹੋਈ ਅਤੇ ਇਥੇ ਹੀ ਸਾਹਿਬਜ਼ਾਦਿਆਂ ਅਤੇ ਹੋਰ ਸਿੰਘਾਂ ਦਾ ਸਸਕਾਰ ਹੋਇਆ । ਉਹ ਹਰਰੋਜ਼ ਉਥੇ ਆਉਂਦਾ, ਰੋਂਦਾ ਰਹਿੰਦਾ ਤੇ ਥਾਂ ਥਾਂ ਦੀ ਭਾਲ ਕਰਦਾ। ਇੱਕ ਦਿਨ ਉਸ ਨੂੰ ਸੁਆਹ ਦਾ ਢੇਰ ਲੱਭ ਗਿਆ। ਇੱਟਾਂ ਢੋ ਕੇ ਉਸ ਨੇ ਇੱਕ ਥੜਾ ਬਣਾਇਆ। ਅਰਦਾਸ ਕੀਤੀ : ਕਲਗੀਧਰ ਪਾਤਸ਼ਾਹ ਮੇਰੀ ਇਹ ਅਰਦਾਸ ਜ਼ਰੂਰ ਸੁਣ ਲਈ, ਮੇਰਾ ਵੰਸ਼ ਇਥੇ ਹੀ ਖਤਮ ਹੋ ਜਾਵੇ ਅੱਗੇ ਨਾ ਤੁਰੇ, ਕਿਤੇ ਕੋਈ ਇਹ ਕਹਿਣ ਵਾਲਾ ਨਾ ਜੰਮ ਜਾਵੇ ਕਿ ਇਹ ਥਾਂ ਸਾਡੇ ਪੁਰਖਿਆਂ ਦੀ ਸੀ। ਅੱਜ ਕੱਲ੍ਹ ਇਥੇ ਗੁਰਦੁਆਰਾ ਕਤਲਗੜ੍ਹ ਸਾਹਿਬ ਹੈ।

ਬੇਦਾਵਾ ਪਾੜਨਾ

ਸ਼ਹਾਦਤਾਂ ਦਾ ਇਹ ਸਫ਼ਰ ਫਿਰ ਖਿਦਰਾਣੇ ਦੀ ਢਾਬ ਵੱਲ ਮੁੜਦਾ ਹੈ, ਜਿਥੇ ਗੁਰੂ ਜੀ ਨੂੰ ਬੇਦਾਵਾ ਦੇ ਕੇ ਆਏ ਸਿੰਘਾਂ ਨੇ ਗੁਰੂ ਲਈ ਆਪਾ ਕੁਰਬਾਨ ਕਰ ਦਿੱਤਾ। ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਗੁਰੂ ਜੀ ਜਦੋਂ ਰਾਮੇਆਣਾ ਪਹੁੰਚੇ ਤਾਂ ਉਥੇ ਮਾਤਾ ਭਾਗੋ, ਭਰਾ ਭਾਗ ਸਿੰਘ ਅਤੇ ਹੋਰ ਸੰਗਤ ਗੁਰੂ ਜੀ ਨੂੰ ਮਿਲਣ ਲਈ ਆਈ। ਭਾਗ ਸਿੰਘ ਜੋ ਪਿੰਡ ਦਾ ਚੌਧਰੀ ਸੀ, ਨੇ ਗੁਰੂ ਜੀ ਨੂੰ ਕਿਹਾ ਕਿ ਮੇਰੀ ਲਾਹੌਰ ਦੇ ਸੂਬੇਦਾਰ ਨਾਲ ਚੰਗੀ ਬਣਦੀ ਹੈ। ਉਸ ਨੂੰ ਕਹਿ ਕੇ ਦਿੱਲੀ ਹਕੂਮਤ ਨਾਲ ਤੁਹਾਡਾ ਸਮਝੌਤਾ ਕਰਵਾ ਦਿੰਦਾ ਹਾਂ। ਤਾਂ ਗੁਰੂ ਜੀ ਰੋਹ ਵਿੱਚ ਆ ਕੇ ਕਹਿੰਦੇ ਹਨ ਜਦੋਂ ਪੰਜਵੇਂ ਪਾਤਸ਼ਾਹ ਨੂੰ ਤੱਤੀ ਤਵੀ ਤੇ ਬਿਠਾਇਆ, ਜਦੋਂ ਗੁਰੂ ਪਿਤਾ ਨੂੰ ਸ਼ਹੀਦ ਕੀਤਾ, ਜਦੋਂ ਅਨੰਦ ਪੁਰ ਸਾਹਿਬ ਨੂੰ ਘੇਰਾ ਪਿਆ, ਜਦੋਂ ਸਾਹਿਬਜ਼ਾਦੇ ਸ਼ਹੀਦ ਹੋਏ ਓਦੋਂ ਤੁਸੀਂ ਕਿਥੇ ਸੀ। ਤਾਂ ਭਾਗ ਸਿੰਘ ਕਹਿੰਦਾ ਜੇ ਤੁਸੀਂ ਸਾਡੀ ਗੱਲ ਨਹੀਂ ਮੰਨਣੀ ਤਾਂ ਅਸੀਂ ਤੁਹਾਡੇ ਸਿੱਖ ਨਹੀਂ ਤੇ ਤੁਸੀਂ ਸਾਡੇ ਗੁਰੂ ਨਹੀਂ। ਗੁਰੂ ਜੀ ਕਹਿੰਦੇ ਲਿੱਖ ਕੇ ਦੇ ਦਿਓ। ਉਸ ਕਾਗਜ਼ ਤੇ ਚਾਲੀਆਂ ਨੇ ਨਹੀਂ ਸਿਰਫ਼ ਚਾਰ ਜਣਿਆਂ ਨੇ ਦਸਤਖ਼ਤ ਕੀਤੇ ਸਨ। ਵਾਪਸ ਮੁੜਨ ਲੱਗੇ ਤਾਂ ਮਾਤਾ ਭਾਗੋ ਜੀ ਨੇ ਲਾਹਣਤਾਂ ਪਾਈਆਂ ਤੇ ਕਿਹਾ ਕਿ ਤੁਸੀਂ ਚੂੜੀਆਂ ਪਾ ਲਓ, ਮੈਂ ਗੁਰੂ ਜੀ ਨਾਲ ਮੈਦਾਨਿ ਜੰਗ ਵਿੱਚ ਜਾਵਾਂਗੀ। ਇਹ ਸੁਣ ਕੇ ਸਾਰੇ ਵਾਪਸ ਆਏ। ਮੁਗਲ ਫ਼ੌਜਾਂ ਗੁਰੂ ਸਾਹਿਬ ਦਾ ਪਿੱਛਾ ਕਰ ਰਹੀਆਂ ਸਨ। ਇਨ੍ਹਾਂ ਚਾਲੀ ਜਣਿਆਂ ਨੇ ਫੌਜ ਦਾ ਮੁਕਾਬਲਾ ਕੀਤਾ ਤੇ ਮੁਗਲਾਂ ਨੂੰ ਖਦੇੜ ਦਿੱਤਾ। ਮਹਾਂ ਸਿੰਘ ਸਹਿਕ ਰਿਹਾ ਸੀ। ਗੁਰੂ ਜੀ ਨੇ ਗੋਦ ਵਿੱਚ ਲਿਆ ਤੇ ਕਿਹਾ ਜੋ ਮੰਗਣਾ ਹੈ ਸੋ ਮੰਗ ਲੈ। ਉਸ ਨੇ ਬੇਦਾਵਾ ਪਾੜਨ ਲਈ ਅਰਜੋਈ ਕੀਤੀ। ਇਸ ਤਰ੍ਹਾਂ ਟੁੱਟੀ ਗੰਢਵਾ ਲਈ। ਕਾਗਜ਼ ਉੱਤੇ ਸਿਆਹੀ ਨਾਲ ਲਿਖਿਆ ਬੇਦਾਵਾ ਧਰਤੀ ਦੀ ਹਿੱਕ ਤੇ ਸਰੀਰ ਦੀ ਰੱਤ ਡੋਲ ਕੇ ਧੋਇਆ ਅਤੇ ਗੁਰੂ ਦੀ ਗੋਦ ਪ੍ਰਾਪਤ ਕੀਤੀ।

AGGS is not looked upon by Sikhs as a scripture but is a visible embodiment of the essence of Person of the Holy Gurus. It is not the physical Guru but his *Shabd*.

Which Shabd is *Shabd Guru* of Guru Nanak

Dr. Sardar Kala Singh, Vancouver (Canada)

Shabd (*Gurbani*) as pronounced by Bhagats and Gurus is the Guru for Sikhs. Guru Nanak says ਸ ਬ ਦ ‖ If *Shabd* is Guru for Guru Nanak, which *Shabd* is the Guru for him? Who pronounced it? Guru Granth Sahib reveals where that *Shabd* came from and how Guru Nanak perceived it. *Shabd* is spiritual teachings (*Giyan*) in the *Bani* which is the Guru. Through *Shabd* we learn how to reach pinnacle of spirituality to realize the Creator.. Guru Nanak says in Sidh Gosht :

‖

AGGS 942. The *Sidhs* asked Guru Nanak was asked "What is the root and the source of your spiritual life? Who is your Guru? Whose disciple are you? Guru Sahib replies:

AGGS 943. -

] Source of my spiritual life is True Guru's teachings. The source of enlightenment (Guru) is the *Shabd,* and my conscious mind (*Mann*) is the disciple of the teachings in the *Shabd*. Guru Ji says:

AGGS 646. There is One *Bani*, One Guru; contemplate on one *Shabd* of the Guru.

AGGS 982. *Bani* is Guru, and Guru is *Bani*. In *Bani* is Ambrosial Nectar of spirituality and wisdom which devotee should keep in mind . If the devotee believes, and acts according to Guru's *Bani*, the Guru emancipates one from temptations.

AGGS 293. As antimony beautifies eye and improves vision, Guru gives spiritual knowledge and wisdom to me, which dispel the darkness of ignorance.

AGGS 125. *Bani*, which gives spiritual life (*Amrit*), sprouts (*Upjay*) from the *Shabd*, emanates (*Aakh Sunavaniya*) from the Guru.

AGGS 117.

Creation and destruction happen through *Shabd*. Guru (*Gurmukh*) explains how Universe is created through *Shabd* and will merge with Creator. When thoughts are as per teachings of Guru, Divine Virtues pervade in all sense organs and merge with the Divine.

ਸੁੰਨਹੁ ਧਰਤਿ ਅਕਾਸੁ ਉਪਾਏ ॥ ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥ AGGS 1037. ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ ॥ ਸੁੰਨਹੁ ਖਾਣੀ ਸੁੰਨਹੁ ਬਾਣੀ ॥ ਸੁੰਨਹੁ ਉਪਜੀ ਸੁੰਨਿ ਸਮਾਣੀ ॥ Creator created earth and the sky from Primal Void by own power, without support and binds them in shackles. Temptations (*Maya*). *Shabd*, *Hukam*, Cosmic Law, Guru's teachings and wisdom are synonymous.

ਕੀਤਾ ਪਸਾਉ ਏਕੋ ਕਵਾਉ ॥ AGGS 3. You created the Universe through One Word (*Shabd*).

'Word' is mentioned in Bible also. Genesis 1 establishes God's supremacy over creation. "By word of the Lord were heavens made, their starry host by the breath of his mouth" (33:6); "For he spoke, and it came to be; he commanded, and it stood firm" (v. 9 cf. Psalm 104:7). His word continues to reign supreme over all of creation (Psalm 147:15-18). Creation speaks words of praise to its Creator (Psalm 19:1-4).

Question: If Gurb*ani* as *Shabd Guru*, then which *Shabd* is 'Guru' for Guru Nanak? It means *Shabd* existed before Guru Nanak's *Bani*. Where did *Shabd* reside when there was no physical body. *Shabd* existed before creation of the universe Guru Nanak answers:

ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥AGGS-945. ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥
ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥
ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥ ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥
ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥ Where does this mind-elephant (Ego, Self) live ? Where and how does the *Guru* (**ਪਵਨ**), the life of Spirituality reside? Where does the *Shabd* reside? Guru Nanak replies that imbibing teachings of the *Shabd*, mind stops wandering, settles within, frees itself from ego (Self), becomes immaculate, and is restrained. *Sidhs* ask how can mind realize its origin (**ਮੂਲੁ**) and root, the source of all (Creator, **ਆਤਮੁ**) ? How can the enlightenment (Sun) remove un-enlightenment (Moon)? Guru Nanak replies that through the teachings of the Guru, mind gets enlightened and attains a state of tranquility and equipoise .

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥ AGGS 945-6.
ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥
ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥
ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥
ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥
ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥

Guru Nanak says: When physical body did not exist, the mind, detached from temptations, resided in absolute Primal Void (Transcendent Unmanifest Creator, *(***ਸੁੰਨਿ**). With no naval (*Pavan*), support of physical body, and no spiritual *Pavan,* no form, shape or social class, *Shabd*, resided in Primal Void. When world and the sky did not exist, the spiritual wisdom (Virtues) of the Creator (*Tribhavan Jot*) was there. The astonishing marvelous (**ਵਿਡਾਣੀ**) *Shabd* in the form of Creator was the world of colour, appearance and form. Without imbibing the Divine Virtues, no one can be Truthful; this is the unspoken truth. Kabir Ji says *Shabd* existed before Guru Nanak.

ਪਿੰਡਿ ਮੂਐ ਜੀਉ ਕਿਹ ਘਰਿ ਜਾਤਾ॥ ਸਬਦਿ ਅਤੀਤਿ ਅਨਾਹਦਿ ਰਾਤਾ॥ AGGS 327**. ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ॥ ਜਿਉ ਗੂੰਗੇ ਸਾਕਰ ਮਨੁ ਮਾਨਿਆ ॥**

At first, living being is engrossed in temptations (*Maya*). When attachment is removed, the mind, with blessing of Satguru, remains attached to the Creator (Godly Virtues), the infinite. The person who has manifested Creator within oneself, knows it but can't explain as a dumb person knows taste of sugar but can't tell others.

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥ AGGS 1427. Creator, as *Shabd,* abides in every molecule of the cosmos. We have to manifest *Shabd* in our mind.

Shabd exists in us as *Atma*, voice of the Creator which stops us from evils.

ਨਦਰਿ ਕਰੇ ਤਾ ਸਿਮਰਿਆ ਜਾਇ ॥ ਆਤਮਾ ਦ੍ਰਵੈ ਰਹੈ ਲਿਵ ਲਾਇ ॥ AGGS 661**. ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥** One gets Divine attributes by Creator's Grace, the soul is purified and remains absorbed in *Shabd* (Creator's Love). One's soul and the Supreme Soul (*Shabd*) become one, and duality of the mind is overcome. The *Paratma* and *Atma* become one. Guru Nanak achieved it.

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ AGGS 441**.**

Mind is the embodiment of the Divine Light, Supreme Soul (*Shabd*) - recognize your own origin.

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ ਅਹਰਣਿ ਮਤਿ ਵੇਦੁ ਹਥੀਆਰੁ ॥ AGGS 8.
ਭਉ ਖਲਾ ਅਗਨਿ ਤਪ ਤਾਉ ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥ ਜਿਨ ਕਉ ਨਦਰਿ ਕਰਮੁ ਤਿਨ ਕਾਰ ॥ ਨਾਨਕ ਨਦਰੀ ਨਦਰਿ ਨਿਹਾਲ ॥

In minting *Shabd* let self-control (*Jatt*) be the shop of the goldsmith, and patience (*Dhiraj*) the goldsmith. Apply tool of spiritual wisdom (*Matt*), the anvil (*Ahran,* Place to beat gold). Deep love and awe of the Creator (*Shabd*) be bellows (*Khla*); hard labour of living life according to Guru's teachings the fire. In *Kuthali* of love, melt (Mould) the eternal essence of spirituality.

In such a True Mint (ਟਕਸਾਲ) shape the mind with *Shabd* of the Creator within.

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥ AGGS 304.
The teachings of the True Guru are the embodiment of the Truth (Creator). We should be the Virtues from the teachings (*Gurbani*).

Conclusion:
When there was no physical body, *Shabd*, resided in the Primal Void. The Creator, as Primal Void permeated into every molecule of the cosmos, including physical body as *Shabd*. The *Shabd* is within all.

ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥ AGGS 871.
Says Kabir, we are a constituent of the Creator, like the ink on the paper which cannot be erased.

ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥
AGGS-945. ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥
Anahad Bani existed in the Primal Void as *Shabd*. Few realize it in teachings of the Guru. They understand and imbibe the Divine Virtues, permanently in the colour (Virtues) which never fades away. Guru Nanak achieved it and minted the *Shabd* with Self Control, Patience, Spiritual Wisdom, understanding Command (*Hukam, Shabd, Giyan*) of the Creator and Love of Creation.

.

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ AGGS 722.
Guru Nanak says as the Word of my Master (Creator) comes to me, so do I express it, O Lalo. He was the rare one who realized the voice of consciousness (*Atma*) and the *Jot* (Godly Virtues). His *Bani* was words of the Creator God (*Khasam*).

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥

AGGS 628. Those internalizing spiritual knowledge and wisdom (*Shabd*) of the Guru in mind, get rid of worries. *Dhur*, mind is now truthful (*Sachiar*).Gurus and *Bhagats* were engrossed with Divine Virtues. Their *Bani* (*Shabd*) gave spiritual knowledge which controls all worldly passions (*Maya*). Kabir Ji also mentions it.

ਗੁਰਿ ਦਿਖਲਾਈ ਮੋਰੀ॥ ਜਿਤੁ ਮਿਰਗ ਪੜਤ ਹੈ ਚੋਰੀ॥ ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦ ਬਾਜੇ ॥

AGGS 656. Guru has made me realize a hole (ਮੋਰੀ) through which (deer of) worldly temptations enter and steal my spirituality. I have closed all doors so that they do not enter my mind. Now voice of the consciousness resounds continually in me. Then Bhagats and Gurus started the *Langar* of *Shabd*.

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥
AGGS 967.

‘ਜਾਪੁ’ ਸਾਹਿਬ ਵਿਚ ਅਕਾਲ ਪੁਰਖ ਦੀ ਪਰਿਭਾਸ਼ਾ, ਉਪਮਾਵਾਂ ਤੇ ਉਸ ਅੱਗੇ ਬੇਨਤੀਆਂ ਬਾਰੇ ਸ਼ਬਦ : ਭਾਗ – 3

ਡਾ. ਸਰਦਾਰ ਕਾਬਲ ਸਿੰਘ, ਡਾ. ਸਰਦਾਰ ਬਲਦੇਵ ਸਿੰਘ (ਐਡਮਿੰਟਨ, ਕੈਨੇਡਾ)

(ਲੜੀ ਜੋੜਨ ਲਈ ਭਾਗ–1 ਤੇ ਭਾਗ–2 “ਸਾਂਝੀ ਵਿਰਾਸਤ” ਦੇ ਪਿਛਲੇ ਅੰਕਾਂ ਵਿਚ ਪੜ੍ਹੋ ਜੀ)

ਭਾਗ–1 ਵਿੱਚ ਗੁਰੂ ਗੋਬਿੰਦ ਸਿੰਘ ਜੀ ਵਲੋਂ ‘ਜਾਪੁ’ ਸਾਹਿਬ ਵਿੱਚ ਅਕਾਲ ਪੁਰਖ ਲਈ ਵਰਤੇ ਉਹਨਾਂ ਗੁਣ–ਬੋਧਿਕ ਸ਼ਬਦਾਂ ਜਾਂ ਤੁਕਾਂ ਬਾਰੇ ਦੱਸਿਆ ਸੀ ਜਿਹਨਾਂ ਦੇ ਅੱਗੇ ਜਾਂ ਪਿੱਛੇ ‘ਨਮਸਤੰ’, ‘ਨਮਸਤੰੵ’, ‘ਨਮਸਤਸਤ’, ਅਤੇ ‘ਨਮੋ’ ਸ਼ਬਦ ਲੱਗੇ ਹਨ।

ਭਾਗ–2 ਵਿੱਚ ਉਹਨਾਂ ਸ਼ਬਦਾਂ ਜਾਂ ਤੁਕਾਂ ਦਾ ਵਰਣਨ ਸੀ ਜਿਹਨਾਂ ਦੇ ਅੱਗੇ ਜਾਂ ਪਿੱਛੇ ‘ਹੈਂ’, ‘ਕਿ’, ‘ਸਰਬੰ’, ‘ਕਿ ਸਰਬਤ੍ਰ’, ‘ਚੱਤ੍ਰ ਚੱਕ੍ਰ’, ਅਤੇ ‘ਨ’ ਸ਼ਬਦ ਲੱਗੇ ਹਨ।

ਭਾਗ–3 ਵਿੱਚ ਪ੍ਰਮਾਤਮਾ ਦੇ ਗੁਣਾਂ ਨਾਲ ਸਬੰਧਤ ਨਾਮ, ਮਹਿਮਾਵਾਂ ਤੇ ਸਿਫਤਾਂ ਲਈ ਗੁਰੂ ਜੀ ਵਲੋਂ ਵਰਤੇ ਉਹ ਸ਼ਬਦ ਜਾਂ ਤੁਕਾਂ ਦੇ ਰਹੇ ਹਾਂ ਜੋ ਆਪਣੇ ਆਪ ਵਿੱਚ ਪੂਰਨ ਹਨ ਅਤੇ ਉਹਨਾਂ ਤੋਂ ਪਹਿਲਾਂ ਜਾਂ ਬਾਅਦ ਕੁਝ ਨਹੀਂ ਲਿਖਿਆ ਹੋਇਆ।
ਹਰ ਸ਼ਬਦ ਜਾਂ ਤੁਕ ਦਾ ਅੰਤ ਦੂਹਰੀ ਖੜੀ ਲਕੀਰ (॥) ਨਾਲ, ਅਤੇ ਹਰ ਪੌੜੀ ਦਾ ਅੰਤ ਪੌੜੀ ਨੰਬਰ (1, 2, ਵਗੈਰਾ) ਨਾਲ ਦਰਸਾਇਆ ਹੈ। ਜੇਕਰ ਕਿਸੇ ਤੁੱਕ ਵਿਚ ਇਕ ਤੋਂ ਵੱਧ ਨਾਮ, ਮਹਿਮਾਵਾਂ ਜਾਂ ਬੇਨਤੀਆਂ ਹਨ ਤਾਂ ਉਨ੍ਹਾਂ ਨੂੰ ਕੌਮਾ (,) ਪਾ ਕੇ ਵੱਖ ਕਰਨ ਦਾ ਯਤਨ ਕੀਤਾ ਹੈ।

ਭੁਜੰਗ ਪ੍ਰਯਾਤ ਛੰਦ: ਅਦੇਸੰ ਅਦੇਸੇ॥18॥ ਅਨੰਗੀ ਅਨਾਥੇ॥ ਨ੍ਰਿਸੰਗੀ ਪ੍ਰਮਾਥੇ॥46॥ ਅਨੰਗੀ ਅਨਾਮੇ॥ ਸਮਸਤੀ ਸਰੂਪੇ॥ ਪ੍ਰਭੰਗੀ ਪ੍ਰਮਾਥੇ॥ ਸਮਸਤੀ ਬਿਭੂਤੇ॥49॥

ਕਲੰਕੰ ਬਿਨਾ, ਨੇਕਲੰਕੀ ਸਰੂਪੇ॥50॥ ਅਭੇਖੀ ਅਭਰਮੀ ਅਭੋਗੀ ਅਭੁਗਤੇ॥53॥ ਸਦਾ ਸੱਚਦਾਨੰਦ ਸਰਬੰ ਪ੍ਰਣਾਸੀ॥ ਅਨੂਪੇ, ਅਰੂਪੇ, ਸਮਸਤੁਲ ਨਿਵਾਸੀ॥58॥ ਸਦਾ ਸਿੱਧਦਾ ਬੁੱਧਦਾ, ਬ੍ਰਿੱਧ ਕਰਤਾ॥ ਅਦੋ ਉਰਧ ਅਰਧੰ, ਅਘੰ ਓਘ ਹਰਤਾ॥59॥ ਪਰੰ ਪਰਮ ਪਰਮੇਸੵਰੰ, ਪ੍ਰੋਛ ਪਾਲੰ॥ ਸਦਾ ਸਰਬਦਾ ਸਿੱਧ, ਦਾਤਾ ਦਿਆਲੰ॥60॥ ਅਛੇਦੀ, ਅਭੇਦੀ, ਅਨਾਮੰ, ਅਕਾਮੰ॥ ਸਮਸਤੋ ਪਰਾਜੀ, ਸਮਸਤੱਸਤੁ ਧਾਮੰ॥61॥ ਅਗਾਧੇ, ਅਬਾਧੇ॥ ਅਨੰਦੀ ਸਰੂਪੇ॥64॥ਅਖਿੱਜੇ, ਅਭਿੱਜੇ॥ ਸਮਸਤੰ ਪ੍ਰਸਿੱਜੇ॥72॥ ਕ੍ਰਿਪਾਲੰ ਸਰੂਪੇ, ਕੁਕਰਮੰ ਪ੍ਰਣਾਸੀ॥ ਸਦਾ ਸਰਬਦਾ, ਰਿੱਧਿ ਸਿੱਧੰ ਨਿਵਾਸੀ॥73॥

ਚਰਪਟ ਛੰਦ: ਅੰਮ੍ਰਿਤ ਕਰਮੇ॥ ਅੰਬ੍ਰਿਤ ਧਰਮੇ॥ ਅੱਖਲ ਜੋਗੇ॥ ਅਚੱਲ ਭੋਗੇ॥74॥ ਅਚੱਲ ਰਾਜੇ॥ ਅਟੱਲ ਸਾਜੇ॥ ਅੱਖਲ ਧਰਮੰ॥ ਅਲੱਖ ਕਰਮੰ॥75॥

ਰੂਆਲ ਛੰਦ: ਆਦਿ ਰੂਪ, ਅਨਾਦਿ ਮੂਰਤਿ, ਅਜੋਨਿ ਪੁਰਖ ਅਪਾਰ॥ ਸਰਬ ਮਾਨ ਤ੍ਰਿਮਾਨ ਦੇਵ, ਅਭੇਵ ਆਦਿ ਉਦਾਰ॥ ਸਰਬ ਪਾਲਕ, ਸਰਬ ਘਾਲਕ, ਸਰਬ ਕੋ ਪੁਨਿ ਕਾਲ॥ ਜੱਤ੍ਰ ਤੱਤ੍ਰ ਬਿਰਾਜਹੀ, ਅਵਧੂਤ ਰੂਪ ਰਸਾਲ॥79॥ ਨਾਮ ਠਾਮ, ਨ ਜਾਤ ਜਾਕਰ, ਰੂਪ ਰੰਗ ਨ ਰੇਖ॥ ਆਦਿ ਪੁਰਖ, ਉਦਾਰ ਮੂਰਤਿ, ਅਜੋਨਿ ਆਦਿ ਅਸੇਖ॥ ਦੇਸ ਔਰ, ਨ ਭੇਸ ਜਾਕਰ, ਰੂਪ ਰੇਖ ਨ ਰਾਗ॥ ਜੱਤ੍ਰ ਤੱਤ੍ਰ ਦਿਸਾ ਵਿਸਾ, ਹੁਇ ਫੈਲਿਓ ਅਨੁਰਾਗ॥80॥ ਨਾਮ ਕਾਮ ਬਿਹੀਨ ਪੇਖਤ, ਧਾਮ ਹੂੰ ਨਹਿ ਜਾਹਿ॥ ਸਰਬ ਮਾਨ ਸਰਬੱਤ੍ਰ ਮਾਨ, ਸਦੈਵ ਮਾਨਤ ਤਾਹਿ॥ ਏਕ ਮੂਰਤਿ ਅਨੇਕ ਦਰਸਨ, ਕੀਨ ਰੂਪ ਅਨੇਕ॥ ਖੇਲ ਖੇਲ ਅਖੇਲ ਖੇਲਨ, ਅੰਤ ਕੋ ਫਿਰ ਏਕ॥81॥ ਦੇਵ ਭੇਵ ਨ ਜਾਨਹੀ, ਜਿਹ ਬੇਦ ਅਉਰ ਕਤੇਬ॥ ਰੂਪ ਰੰਗ ਨ ਜਾਤਿ ਪਾਤਿ, ਸੁ ਜਾਨਈ ਕਿਹ ਜੇਬ॥ ਤਾਤ ਮਾਤ ਨ ਜਾਤ ਜਾਕਰਿ, ਜਨਮ ਮਰਨ ਬਿਹੀਨ॥ ਚੱਕ੍ਰ ਬੱਕ੍ਰ ਫਿਰੈ ਚਤ੍ਰੁੱ, ਚੱਕ, ਮਾਨਹੀ ਪੁਰ ਤੀਨ॥82॥ ਲੋਕ ਚਉਦਹ ਕੇ ਬਿਖੈ, ਜਗ ਜਾਪਹੀ ਜਿਹ ਜਾਪ॥ ਆਦਿ ਦੇਵ ਅਨਾਦਿ ਮੂਰਤਿ, ਥਾਪਿਓ ਸਬੈ ਜਿਹ ਥਾਪ॥ ਪਰਮ ਰੂਪ ਪੁਨੀਤ ਮੂਰਤਿ, ਪੂਰਨ ਪੁਰਖੁ ਅਪਾਰ॥ ਸਰਬ ਬਿਸ੍ਵ ਰਚਿਓ ਸੁਯੰਭਵ, ਗੜਨ ਭੰਜਨਹਾਰ॥83॥ ਕਾਲ ਹੀਨ ਕਲਾ ਸੰਜੁਗਤਿ, ਅਕਾਲ ਪੁਰਖ ਅਦੇਸ॥ ਧਰਮ ਧਾਮ ਸੁ ਭਰਮ ਰਹਿਤ, ਅਭੂਤ, ਅਲਖ, ਅਭੇਸ॥ ਅੰਗ ਰਾਗ ਨ ਰੰਗ ਜਾਕਹ, ਜਾਤਿ ਪਾਤਿ ਨ ਨਾਮ॥ ਗਰਬ ਗੰਜਨ, ਦੁਸਟ ਭੰਜਨ, ਮੁਕਤਿ ਦਾਇਕ ਕਾਮ॥84॥ ਆਪ ਰੂਪ, ਅਮੀਕ ਅਨ ਉਸਤਤਿ, ਏਕ ਪੁਰਖ ਅਵਧੂਤ॥ ਗਰਬ ਗੰਜਨ, ਸਰਬ ਭੰਜਨ, ਆਦਿ ਰੂਪ ਅਸੂਤ॥ ਅੰਗ ਹੀਨ, ਅਭੰਗ ਅਨਾਤਮ, ਏਕ ਪੁਰਖ ਅਪਾਰ॥ ਸਰਬ ਲਾਇਕ, ਸਰਬ ਘਾਇਕ, ਸਰਬ ਕੋ ਪ੍ਰਤਿਪਾਰ॥85॥ ਸਰਬ ਗੰਤਾ, ਸਰਬ ਹੰਤਾ, ਸਰਬ ਤੇ ਅਨਭੇਖ॥ ਸਰਬ ਸਾਸਤ੍ਰ ਨ ਜਾਨਹੀ, ਜਿਹ ਰੂਪ ਰੰਗ ਅਰੁ ਰੇਖ॥ ਪਰਮ ਬੇਦ ਪੁਰਾਣ ਜਾਕਹਿ, ਨੇਤ ਭਾਖਤ ਨਿੱਤ॥ ਕੋਟਿ ਸਿੰਮ੍ਰਿਤਿ, ਪੁਰਾਨ ਸਾਸਤ੍ਰ, ਨ ਆਵਈ ਵਹੁ ਚਿੱਤਿ॥86॥

ਮਧੁਭਾਰ ਛੰਦ: ਗੁਨ ਗਨ ਉਦਾਰ॥ ਮਹਿਮਾ ਅਪਾਰ॥ ਆਸਨ ਅਭੰਗ॥ ਉਪਮਾ ਅਨੰਗ॥87॥ ਅਨਭਉ ਪ੍ਰਕਾਸ॥ ਨਿਸਦਿਨ ਅਨਾਸ॥ ਆਜਾਨ ਬਾਹੁ॥ ਸ਼ਾਹਾਨ ਸ਼ਾਹੁ॥88॥ ਰਾਜਾਨ ਰਾਜ॥ ਭਾਨਾਨ ਭਾਨ॥ ਦੇਵਾਨ ਦੇਵ॥ ਉਪਮਾ ਮਹਾਨ॥89॥ ਇੰਦ੍ਰਾਨ ਇੰਦ੍ਰ॥ ਬਾਲਾਨ ਬਾਲ॥ ਰੰਕਾਨ ਰੰਕ॥ ਕਾਲਾਨ ਕਾਲ॥90॥ ਅਨਭੂਤ ਅੰਗ॥ ਆਭਾ ਅਭੰਗ॥ ਗਤਿ ਮਿਤਿ ਅਪਾਰ॥ ਗੁਨ ਗਨ ਉਦਾਰ॥91॥ ਮੁਨਿ ਗਨ ਪ੍ਰਨਾਮ॥ ਨਿਰਭੈ ਨਿਕਾਮ॥ ਅਤਿ ਦੁਤਿ ਪ੍ਰਚੰਡ॥ ਮਿਤਿ ਗਤਿ ਅਖੰਡ॥92॥ ਆਲਿਸਜ ਕਰਮ॥ ਆਦ੍ਰਿਸਜ ਧਰਮ॥ ਸਰਬਾ ਭਰਣਾਢਯ॥ ਅਨਡੰਡ ਬਾਢਯ॥93॥

ਚਾਚਰੀ ਛੰਦ: ਗੋਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥94॥ ਹਰੀਅੰ॥ ਕਰੀਅੰ॥ ਨ੍ਰਿਨਾਮੇ॥ ਅਕਾਮੇ॥95॥ ਪਰੇ ਹੈਂ॥ ਪਵਿੱਤ੍ਰੈ॥101॥ ਪ੍ਰਿਥੀਸੈ॥ ਅਦੀਸੈ॥ ਅਦ੍ਰਿਸੈ॥ ਅਕ੍ਰਿਸੈ॥102॥

ਭਗਵਤੀ ਛੰਦ: ਗ਼ਨੀਮੁਲ ਸ਼ਿਕਸਤੈ॥ ਗ਼ਰੀਬੁਲ ਪਰਸਤੈ॥ ਬਿਲੰਦੁਲ ਮਕਾਨੈਂ॥ ਜ਼ਮੀਨੁਲ, ਜ਼ਮਾਨੈਂ॥122॥ ਤਮੀਜ਼ੁਲ ਤਮਾਮੈਂ॥ ਰੁਜੂਅਲ ਨਿਧਾਨੈਂ॥ ਹਰੀਫੁਲ ਅਜੀਮੈਂ॥ ਰਜ਼ਾਇਕ ਯਕੀਨੈਂ॥123॥ ਓਅੰ ਆਦਿ ਰੂਪੇ॥ ਅਨਾਦਿ ਸਰੂਪੈ॥ ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥128॥ ਤ੍ਰਿਬਰਗੰ ਤ੍ਰਿਬਾਧੇ॥ ਅਗੰਜੇ ਅਗਾਧੇ॥ ਸੁਭੰ ਸਰਬ ਭਾਗੇ॥ ਸੁ ਸਰਬਾ ਅਨੁਰਾਗੇ॥129॥

ਰਸਾਵਲ ਛੰਦ: ਸਦੈਵੰ ਪ੍ਰਕਾਸੇ॥ ਅਨੰਗੰ ਸਰੂਪੇ॥ ਅਭੰਗੰ ਬਿਭੂਤੇ॥145॥ ਪ੍ਰਮਾਥੰ ਪ੍ਰਮਾਥੇ॥ ਸਦਾ ਸਰਬ ਸਾਥੇ॥ ਅਗਾਧ ਸਰੂਪੇ॥ ਨ੍ਰਿਬਾਧ ਬਿਭੂਤੇ॥146॥ ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਮੇ॥ ਨ੍ਰਿਭੰਗੀ ਸਰੂਪੇ॥ ਸਰਬੰਗੀ ਅਨੂਪੇ॥147॥

ਮਧੁਭਾਰ ਛੰਦ: ਮੁਨਿ ਮਨਿ ਪ੍ਰਨਾਮ॥ ਗੁਨਿ ਗਨ ਮੁਦਾਮ॥ ਅਰਿ ਬਰ ਅਗੰਜ॥ ਹਰਿ ਨਰ ਪ੍ਰਭੰਜ॥161॥ ਅਨ ਗਨ ਪ੍ਰਨਾਮ॥ ਮੁਨਿ ਮਨਿ ਸਲਾਮ॥ ਹਰਿ ਨਰ ਅਖੰਡ॥ ਬਰ ਨਰ ਅਮੰਡ॥162॥ ਅਨੁਭਵ ਅਨਾਸ॥ ਮੁਨਿ ਮਨਿ ਪ੍ਰਕਾਸ॥ ਗੁਨਿ ਗਨ ਪ੍ਰਨਾਮ॥ ਜਲ ਥਲ ਮੁਦਾਮ॥163॥ ਅਨਛਿੱਜ ਅੰਗ॥ ਆਸਨ ਅਭੰਗ॥ ਉਪਮਾ ਅਪਾਰ॥ ਗਤਿ ਮਿਤਿ ਉਦਾਰ॥164॥ ਜਲ ਥਲ ਅਮੰਡ॥ ਦਿਸ ਵਿਸ ਅਭੰਡ॥ ਜਲ ਥਲ ਮਹੰਤ॥ ਦਿਸ ਵਿਸ ਬਿਅੰਤ॥165॥ ਅਨਭਵ ਅਨਾਸ॥ ਧ੍ਰਿਤ ਧਰ ਧੁਰਾਸ॥ ਆਜਾਨ ਬਾਹੁ॥ ਏਕੈ ਸਦਾਹੁ॥166॥ ਓਅੰਕਾਰ ਆਦਿ॥ ਕਥਨੀ ਅਨਾਦਿ॥ ਖਲ ਖੰਡ ਖਿਆਲ॥ ਗੁਰ ਬਰ ਅਕਾਲ॥167॥ ਘਰਿ ਘਰਿ ਪ੍ਰਨਾਮ॥ ਚਿਤ ਚਰਨ ਨਾਮ॥ ਅਨਛਿੱਜ ਗਾਤ॥ ਆਜਿਜ ਨ ਬਾਤ॥168॥ ਅਨਝੰਝ ਗਾਤ॥ ਅਨਰੰਜ ਬਾਤ॥ ਅਨਟੁਟ ਭੰਡਾਰ॥ ਅਨਠਟ ਅਪਾਰ॥169॥ ਆਡੀਠ ਧਰਮ॥ ਅਤਿ ਢੀਠ ਕਰਮ॥ ਅਣਬ੍ਰਣ ਅਨੰਤ॥ ਦਾਤਾ ਮਹੰਤ॥170॥

ਭੁਜੰਗ ਪ੍ਰਯਾਤ ਛੰਦ: ਕਲੰਕਾਰ ਰੂਪੇ, ਅਲੰਕਾਰ ਅਲੰਕੇ॥ ਨਮੋਂ ਆਸ ਆਸੇ, ਨਮੋਂ ਬਾਂਕ ਬੰਕੇ॥ ਅਭੰਗੀ ਸਰੂਪੇ, ਅਨੰਗੀ ਅਨਾਮੇ॥ ਤ੍ਰਿਭੰਗੀ ਤ੍ਰਿਕਾਲੇ, ਅਨੰਗੀ ਅਕਾਮੇ॥188॥ ਨਮਸਤੁਲ ਪ੍ਰਨਾਮੇ, ਸਮਸਤੁਲ ਪ੍ਰਣਾਸੇ॥ ਅਗੰਜੁਲ ਅਨਾਮੇ, ਸਮਸਤੁਲ ਨਿਵਾਸੇ॥ ਨ੍ਰਿਕਾਮੰ ਬਿਭੂਤੇ, ਸਮਸਤੁਲ ਸਰੂਪੇ॥ ਕੁਕਰਮੰ ਪ੍ਰਣਾਸੀ, ਸੁਧਰਮੰ ਬਿਭੂਤੇ॥197॥ ਸਦਾ ਸੱਚਿਦਾਨੰਦ, ਸੱਤ੍ਰੰ ਪ੍ਰਣਾਸੀ॥ ਕਰੀਮੁਲ ਕੁਨਿੰਦਾ, ਸਮਸਤੁਲ ਨਿਵਾਸੀ॥ ਅਜਾਇਬ ਬਿਭੂਤੇ, ਗਜਾਇਬ ਗਨੀਮੇ॥ ਹਰੀਅੰ ਕਰੀਅੰ, ਕਰੀਮੁਲ ਰਹੀਮੇ॥198॥ ਚੱਤ੍ਰ ਚੱਕ੍ਰ ਵਰਤੀ, ਚੱਤ੍ਰ ਚੱਕ੍ਰ ਭੁਗਤੇ॥ ਸੁਯੰਭਵ ਸੁਭੰ ਸਰਬਦਾ, ਸਰਬ ਜੁਗਤੇ॥ ਦੁਕਾਲੰ ਪ੍ਰਣਾਸੀ, ਦਿਆਲੰ ਸਰੂਪੇ॥ ਸਦਾ ਅੰਗ ਸੰਗੇ, ਅਭੰਗੰ ਬਿਭੂਤੇ॥199॥

ਏਕ ਅਛਰੀ (*ਇਕ ਸ਼ਬਦ ਵਿਚ ਵਰਣਿਕ*) **ਛੰਦ**

ਇਸ ਛੰਦ ਵਿੱਚ ਅਕਾਲ ਪੁਰਖ ਦੇ ਗੁਣ ਇੱਕੋ ਹੀ ਸ਼ਬਦ ਵਰਤ ਕੇ ਦਰਸਾਏ ਗਏ ਹਨ।

ਅਜੈ॥ ਅਲੈ॥ ਅਭੈ॥ ਅਬੈ॥189॥ ਅਭੂ॥ ਅਜੂ॥ ਅਨਾਸ॥ ਅਕਾਸ॥190॥ ਅਗੰਜ॥ ਅਭੰਜ॥ ਅਲੱਖ॥ ਅਭੱਖ॥191॥ ਅਕਾਲ॥ ਦਿਆਲ॥ ਅਲੇਖ॥ ਅਭੇਖ॥192॥ ਅਨਾਮ॥ ਅਕਾਮ॥ ਅਗਾਹ॥ ਅਢਾਹ॥193॥ ਅਨਾਥੇ॥ ਪ੍ਰਮਾਥੇ॥ ਅਜੋਨੀ॥ ਅਮੋਨੀ॥194॥ ਨ ਰਾਗੇ॥ ਨ ਰੰਗੇ॥ ਨ ਰੂਪੇ॥ ਨ ਰੇਖੇ॥195॥ ਅਕਰਮੰ॥ ਅਭਰਮੰ॥ ਅਗੰਜੇ॥ ਅਲੇਖੇ॥196॥

ਸਮੁੱਚਾ ਸਾਰਅੰਸ਼: ਗੁਰੂ ਸਾਹਿਬ ਨੇ 'ਜਾਪੁ' ਸਾਹਿਬ ਵਿਚ ਵੱਖ-ਵੱਖ ਤਰੀਕਿਆਂ ਨਾਲ ਅਨੇਕਾਂ ਹੀ ਸ਼ਬਦ ਤੇ ਤੁਕਾਂ ਵਰਤ ਕੇ ਅਕਾਲ ਪੁਰਖ ਦੇ ਲਾਸਾਨੀ ਗੁਣਾਂ ਅਤੇ ਸਿਫ਼ਤਾਂ ਦਾ ਅਦਭੁਤ ਤੇ ਸ਼ਾਨਦਾਰ ਵਰਣਨ ਕੀਤਾ ਹੈ। ਇਸ ਲੇਖ ਵਿੱਚ ਇਨ੍ਹਾਂ ਗੁਣਵਾਚਕ ਵਿਸ਼ੇਸ਼ਣਾਂ ਵਾਲੇ ਸ਼ਬਦਾਂ ਜਾਂ ਤੁਕਾਂ ਨੂੰ ਇਹਨਾਂ ਦੇ ਅੱਗੇ ਪਿੱਛੇ ਲੱਗੇ ਸ਼ਬਦਾਂ, ਜਾਂ ਬਿਨਾਂ ਕੋਈ ਹੋਰ ਸ਼ਬਦ ਲੱਗੇ ਹੋਏ, ਅਨੁਸਾਰ ਸ਼੍ਰੇਣੀਬਧ ਕਰਨ ਦੀ ਕੋਸ਼ਿਸ਼ ਕੀਤੀ ਹੈ।

ਗੁਰੂ ਜੀ ਵਲੋਂ ਵਰਤੀ ਗਈ ਸ਼ੈਲੀ ਆਪਣੇ ਆਪ ਵਿੱਚ ਬਹੁਤ ਵਿਲੱਖਣ ਹੈ, ਜੋ ਇਸ ਬਾਣੀ ਦਾ ਜਾਪ ਕਰਨ ਵਾਲੇ ਸ਼ਰਧਾਲੂ ਨੂੰ ਅਧਿਆਤਮਕ ਅਨੁਭਵਤਾ (spiritual realization) ਦੀ ਇਕ ਅਨੋਖੀ ਤੇ ਅਕੱਥ (indescribable) ਉਡਾਣ ਵਲ ਲੈ ਜਾਂਦੀ ਅਤੇ ਮੰਤਰ-ਮੁਗਧ ਕਰ ਦਿੰਦੀ ਹੈ। ਇਸ ਨਾਲ ਉਹ ਸਰਬ ਗੁਣਾਂ ਦੇ ਮਾਲਕ ਇਕ ਓਅੰਕਾਰ ਪਰਮ-ਪਿਤਾ ਪ੍ਰਮਾਤਮਾ ਦੇ ਚਰਨਾਂ ਦਾ ਅਨਿੰਨ ਸੇਵਕ ਬਣਨ ਦਾ ਇੱਛਕ ਬਣ ਜਾਂਦਾ ਹੈ।

(ਨੋਟ : ਕਿਸੇ ਵੀ ਤਰ੍ਹਾਂ ਦੀ ਗ਼ਲਤੀ ਲਈ ਖ਼ਿਮਾ ਦੀ ਯਾਚਨਾ ਹੈ ਜੀ।)

Sikhi Concept of Basant

Dr. Devinder Pal Singh, Mississauga, Ontario (Canada)

Basant is a time of spiritual awakening, *Chardi Kala,* rejuvenation and new beginnings. In Sri *Guru Granth Sahib* (SGGS), the *Raag Basant* has *Shabads* which express devotion to one God, and emphasize that just as the earth blooms in spring, the human life can also flourish when immersed in divine love.

Guru Nanak, Guru Amar Das, Guru Ram Das, Guru Arjan, Guru Teg Bahadur and Bhagats Kabir, Namdev, Ravidas, and Ramanand composed hymns in *Raag Basant*, drawing parallels between the blossoming of flowers in spring and the awakening of the human life to divine grace.

ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ॥
ਗ੍ਰਿਹਿ ਤਾ ਕੇ ਬਸੰਤੁ ਗਨੀ॥
ਜਾ ਕੈ ਕੀਰਤਨੁ ਹਰਿ ਧੁਨੀ॥ਰਹਾਉ ॥
ਪ੍ਰੀਤਿ ਪਾਰਬ੍ਰਹਮ ਮਉਲਿ ਮਨਾ॥ 1180 ॥

One whose heart is filled with remembrance of the Divine, experiences an eternal spring and becomes vibrant. God's Name always brings happiness, peace, and spiritual freshness, regardless of external circumstances.

The spiritual seeker experiences a rebirth upon realizing the divine truth, just as spring represents new beginnings. One of the key verses [8] that capture this idea is:

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥1॥ ਭੋਲਿਆ ਹਉਮੈ ਸੁਰਤਿ ਵਿਸਾਰਿ॥ ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥ਰਹਾਉ॥ ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥ ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ॥ 1168 ॥

(Among the months, blessed is the month when spring comes. Blossom forth my consciousness, contemplating the Lord of the Universe, forever. Thus, *Basan*t is a metaphor for spiritual joy and divine grace.)

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥
ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥
ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥
ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥
ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥

Spring comes and goes in the physical world, but for the spiritually enlightened, this state of divine bliss is eternal, without seasonal changes.

True joy lies in meditation on God's name, which brings an everlasting spring within.

ਦੇਖੁ ਫੂਲ ਫੂਲ ਫੂਲੇ॥ ਅਹੰ ਤਿਆਗਿ ਤਿਆਗੇ॥ ਚਰਨ ਕਮਲ ਪਾਗੇ॥ ਤੁਮ ਮਿਲਹੁ ਪ੍ਰਭ ਸਭਾਗੇ॥ ਹਰਿ ਚੇਤਿ ਮਨ ਮੇਰੇ॥ਰਹਾਉ॥ ਸਘਨ ਬਾਸੁ ਕੂਲੇ॥ ਇਕਿ ਰਹੇ ਸੂਕਿ ਕਠੂਲੇ॥ ਬਸੰਤ ਰੁਤਿ ਆਈ॥ 1185 ॥

The flowers bloom without attachment or pride. Similarly, we should live a life of selflessness and humility. Arrogance, based on materialistic gains, distances us from experiencing true spirituality. The beauty of *Basant* should inspire introspection and spiritual growth.

The aim is not fleeting worldly pleasures. The mind, like a field, remains barren without the shower of God's Grace. This beautiful season (of spiritual blossoming) is attained by divine grace. The forests, the grass, and all the three worlds flourish and bear the nectar-sweet fruit. In the company of the saints, all negativity (doubts, sorrows, and illusions) get removed and one never wanders again.

Just like rain nourishes plants, remembrance of the Divine nourishes and makes us spiritually alive. It has a ripple effect, bringing harmony to the surroundings. It accelerates one's journey toward peace. The soul no longer gets entangled in worldly chaos and distractions. This insight shifts the focus from the external season to the internal spiritual awakening, making *Basant* a representation of divine bliss rather than just a seasonal celebration.

Basant is a metaphor for inner spiritual bliss. Guru Gobind Singh Sahib encouraged its celebration as a representation of courage and unwavering faith. Donning yellow robes and embracing the spirit of positivity inspires to seek the eternal spring of divine wisdom.

ਖੇਤੀਬਾੜੀ ਦੀ ਤਰੱਕੀ ਦੇ ਜੁਮੇਵਾਰ ਪੰਜਾਬੀ ਵਗਿਆਨੀ ਤੇ ਮਾਹਰ : ਭਾਗ - 6

ਡਾ. ਸਰਦਾਰਾ ਸਿੰਘ ਜੌਹਲ

ਖੇਤੀ ਫਸਲ ਵਿਭਿੰਨਤਾ ਤੇ ਢਾਂਚਾ ਸੁਧਾਰਕ ਅਰਥ ਸ਼ਾਸਤਰੀ

ਡਾ. ਜੌਹਲ ਦਾ ਜਨਮ 2 ਅਗਸਤ 1928 ਨੂੰ ਚੱਕ ਨੰਬਰ 104 ਜੀ ਬੀ, ਜਿਲਾ ਲਾਇਲਪੁਰ ਵਿਚ ਹੋਇਆ ਅਤੇ 96 ਸਾਲ ਦੀ ਉੱਮਰ ਹੋਣ ਦੇ ਬਾਵਜੂਦ ਅਜੇ ਵੀ ਕੰਮ ਵਿਚ ਵਿਅਸਤ ਰਹਿੰਦੇ ਹਨ। ਗਵਰਨਮੈਂਟ ਐਗਰੀਕਲਚਰ ਕਾਲਜ ਲੁਧਿਆਣਾ ਤੋਂ ਬੀ. ਐਸ. ਸੀ. (1952), ਅਤੇ ਐਮ. ਐਸ. ਸੀ. ਤੇ ਐੱਮ. ਏ. (1956) ਕੀਤੀਆਂ। ਪੰਜਾਬ ਯੁਨੀਵਰਸਿਟੀ ਤੋਂ ਪੀ. ਐਚ. ਡੀ. (1965) ਕੀਤੀ। ਫਿਰ ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਪੀ. ਏ. ਯੂ.) ਲੁਧਿਆਣਾ ਵਿਖੇ (1965-1974) ਅਰਥ ਸ਼ਾਸਤਰ ਤੇ ਸਮਾਜ ਵਿਗਿਆਨ ਪ੍ਰੋਫੈਸਰ ਵਜੋਂ ਕੰਮ ਕੀਤਾ। ਓਹਾਇਓ (Ohio) ਸਟੇਟ ਯੂਨੀਵਰਸਿਟੀ ਵਿਚ ਵਿਜਿਟਿੰਗ ਪ੍ਰੋਫੈਸਰ ਤੇ (1970-72) ਐਡਜੰਕਟ ਪ੍ਰੋਫੈਸਰ (1972-79) ਰਹੇ। ਵਾਪਸ ਆ ਕੇ ਪੀ. ਏ. ਯੂ. ਵਿਚ ਡਾਇਰੈਕਟਰ ਰੀਸਰਚ (1979-83), ਅਤੇ ਕਈ ਉਚੇ ਅਹੁਦਿਆਂ 'ਤੇ ਰਹਿ ਚੁੱਕੇ ਹਨ।

ਪੰਜਾਬ ਕੇਂਦਰੀ ਯੂਨੀਵਰਸਿਟੀ ਦੇ ਚਾਂਸਲਰ ਵਜੋਂ ਨਿਯੁਕਤ ਹੋਣ ਤੋਂ ਪਹਿਲਾਂ ਉਹ ਪੰਜਾਬੀ ਯੂਨੀਵਰਸਿਟੀ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਅਤੇ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਰਹੇ। ਉਨ੍ਹਾਂ ਨੇ ਭਾਰਤੀ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਲਈ ਕਮਿਸ਼ਨ ਦੀ ਪ੍ਰਧਾਨਗੀ ਕੀਤੀ ਅਤੇ ਭਾਰਤੀ ਰਿਜ਼ਰਵ ਬੈਂਕ ਦੇ ਬੋਰਡ ਆਫ਼ ਗਵਰਨਰਜ਼ ਦੇ ਮੈਂਬਰ ਰਹੇ ਹਨ। ਉਹ ਪੰਜਾਬ ਰਾਜ ਯੋਜਨਾ ਬੋਰਡ ਦੇ ਉਪ-ਚੇਅਰਮੈਨ ਰਹਿ ਚੁਕੇ ਹਨ। ਪੰਜਾਬ ਸਰਕਾਰ ਦੀ ਖੇਤੀ ਨੀਤੀ ਬਾਰੇ ਸਲਾਹਕਾਰ ਕਮੇਟੀ ਦੇ ਮੁਖੀ ਵਜੋਂ ਆਪਣੇ ਕਾਰਜਕਾਲ ਦੌਰਾਨ, ਉਨ੍ਹਾਂ ਨੇ ਸੂਬੇ ਦੇ ਕਣਕ-ਝੋਨੇ ਦੇ ਕਿਸਾਨਾਂ ਲਈ ਫਸਲੀ ਚੱਕਰ ਅਤੇ ਵਿਭਿੰਨਤਾ ਦੀ ਤਜਵੀਜ਼ ਰੱਖੀ ਸੀ ਜੋ ਕਿ ਜੌਹਲ ਪਲਾਨ ਵਜੋਂ ਮਸ਼ਹੂਰ ਹੈ। ਇਸ ਨਾਲ ਕਿਸਾਨਾਂ ਨੂੰ ਹੋਰ ਫਸਲਾਂ ਵੱਲ ਜਾਣ ਲਈ ਸਬਸਿਡੀਆਂ ਦੀ ਸ਼ੁਰੂਆਤ ਕੀਤੀ ਗਈ ਸੀ।

ਵੱਖੋ-ਵੱਖ ਕੇਂਦਰ ਅਤੇ ਪੰਜਾਬ ਸਰਕਾਰਾਂ ਦੇ ਦੌਰਾਨ ਆਰਥਿਕ ਸਲਾਹਕਾਰ ਕੌਂਸਲ ਦੇ ਮੈਂਬਰ ਵਜੋਂ ਅਤੇ ਤਾਮਿਲਨਾਡੂ, ਗੁਜਰਾਤ, ਸ੍ਰੀਲੰਕਾ ਸਰਕਾਰਾਂ, ਖੁਰਾਕ ਅਤੇ ਖੇਤੀਬਾੜੀ ਸੰਗਠਨ, ਵਿਸ਼ਵ ਬੈਂਕ ਅਤੇ ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਲਾਹਕਾਰ ਵਜੋਂ ਕੰਮ ਕੀਤਾ। ਉਹ ਪੱਛਮੀ ਏਸ਼ੀਆ ਲਈ ਸਮਾਜਿਕ ਕਮਿਸ਼ਨ, ਇੰਟਰਨੈਸ਼ਨਲ ਸੋਸਾਇਟੀ ਆਫ ਇਕਨਾਮਿਸਟਸ, ਇੰਡੀਅਨ ਸੋਸਾਇਟੀ ਆਫ ਐਗਰੀਕਲਚਰਲ ਇਕਨਾਮਿਕਸ, ਐਗਰੀਕਲਚਰਲ ਇਕਨਾਮਿਕਸ ਰਿਸਰਚ ਐਸੋਸੀਏਸ਼ਨ, ਇੰਡੀਅਨ ਸੋਸਾਇਟੀ ਫਾਰ ਐਗਰੀਕਲਚਰਲ ਮਾਰਕੀਟਿੰਗ, ਅਤੇ ਪੰਜਾਬ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਹਨ।

ਸਨਮਾਨ

-ਇੰਟਰਨੈਸ਼ਨਲ ਐਗਰੀਕਲਚਰਲ ਇਕਨਾਮਿਕਸ ਐਸੋਸੀਏਸ਼ਨ ਦੀ ਸਾਲਾਨਾ ਕਾਨਫਰੰਸ (1970) (ਮਿੰਸਕ, ਸਾਬਕਾ ਯੂ.ਐਸ.ਐਸ.ਆਰ, ਮੌਜੂਦਾ ਸਮੇਂ ਬੇਲਾਰੂਸ ਦੀ ਰਾਜਧਾਨੀ), ਵਿੱਚ ਡਾ. ਜੌਹਲ ਨੇ ਤਿੰਨ ਸੈਸ਼ਨਾਂ ਦੀ ਪ੍ਰਧਾਨਗੀ ਕੀਤੀ।

-ਫੈਲੋ, ਪੰਜਾਬ ਅਕੈਡਮੀ ਆਫ਼ ਸਾਇੰਸਜ਼ ਅਤੇ ਨੈਸ਼ਨਲ ਅਕੈਡਮੀ ਆਫ਼ ਐਗਰੀਕਲਚਰਲ ਸਾਇੰਸਜ਼।

-ਪਦਮ ਭੂਸ਼ਣ, ਭਾਰਤ ਸਰਕਾਰ 2004।

-ਡੀ. ਲਿਟ. ਦੀ ਡਿਗਰੀ, ਪੰਜਾਬ ਯੂਨੀਵਰਸਿਟੀ 2005।

-ਆਨਰੇਰੀ ਪੀ. ਐਚ. ਡੀ., ਪੰਜਾਬੀ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ।

ਡਾ. ਜੌਹਲ ਸਮਾਜਿਕ-ਰਾਜਨੀਤਿਕ ਟਿੱਪਣੀਆਂ ਲਈ ਜਾਣੇ ਜਾਂਦੇ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਲਈ ਕਈ ਰਿਪੋਰਟਾਂ ਤਿਆਰ ਕੀਤੀਆਂ। ਜਿਵੇਂ ਪੰਜਾਬ ਵਿੱਚ ਬਿਜਲੀ ਦਰਾਂ ਦਾ ਤਰਕਸੰਗਤੀਕਰਨ, ਖੇਤੀ ਵਿਭਿੰਨਤਾ, ਵਿਕਾਸ ਅਤੇ ਉਤਪਾਦਕਤਾ ਲਈ ਫਸਲੀ ਚੱਕਰਾਂ ਵਿੱਚ ਸਮਾਯੋਜਨ। ਭਾਰਤ ਦੀ ਸਰਕਾਰੀ ਨੀਤੀ ਵਿਚ ਉਤਪਾਦਕਤਾ ਅਤੇ ਵਿਕਾਸ ਲਈ ਖੇਤੀਬਾੜੀ ਸੈਕਟਰ ਦੇ ਢਾਂਚਾਗਤ ਸੁਧਾਰ ਲਈ ਸੁਝਾਅ।

ਉਨ੍ਹਾਂ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ 200 ਤੋਂ ਵੱਧ ਲੇਖ ਪ੍ਰਕਾਸ਼ਿਤ ਕੀਤੇ। ਪੰਜਾਬੀ ਵਿੱਚ ਲਿਖੀ ਆਪਣੀ ਜੀਵਣੀ, ਰੰਗਾ ਦੀ ਗਾਗਰ, ਦਾ ਹਿੰਦੀ ਅਤੇ ਉਰਦੂ ਭਾਸ਼ਾਵਾਂ ਵਿੱਚ ਅਨੁਵਾਦ ਹੋਇਆ ਹੈ।

-ਨੈਸ਼ਨਲ ਪ੍ਰੋਫ਼ੈਸਰ ਆਫ਼ ਐਮੀਨੈਂਸ, ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰਿਸਰਚ (ICAR)।

-ਜੀਵਨ ਮੈਂਬਰ, ਪੰਜਾਬ ਸਾਹਿਤ ਅਕਾਦਮੀ।

-ਸ਼ਤਾਬਦੀ ਅਵਾਰਡ, ਚੀਫ਼ ਖ਼ਾਲਸਾ ਦੀਵਾਨ।

-ਗੋਲਡਨ ਜੁਬਲੀ ਆਊਟਸਟੈਂਡਿੰਗ ਅਲੂਮਨੀ ਅਵਾਰਡ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ।

-ਮਹਾਨ ਪੰਜਾਬੀ ਅਵਾਰਡ, ਪ੍ਰੋਫੈਸਰ ਮੋਹਨ ਸਿੰਘ ਫਾਊਂਡੇਸ਼ਨ।

-ਡਾ. ਮਦਨ ਗੋਲਡ ਮੈਡਲ ਅਵਾਰਡ।

ਮੈਂ ਔਰਤ ਹਾਂ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ

ਮੈਂ ਔਰਤ ਹਾਂ ਅਤੇ
ਔਰਤ ਹੀ ਰਹਾਂਗੀ
ਪਰ ਮੈਂ ਤੇਰੇ ਪਿੱਛੇ ਨਹੀ,
ਕਦਮਾਂ ਦੇ ਬਰਾਬਰ
ਕਦਮ ਧਰਾਂਗੀ।

ਮੈਂ ਸੀਤਾ ਨਹੀਂ-
ਜੋ ਆਪਣੇ ਸਤ ਲਈ
ਤੈਨੂੰ ਅਗਨ ਪ੍ਰੀਖਿਆ ਦਿਆਂਗੀ।
ਮੈਂ ਦਰੋਪਤੀ ਵੀ ਨਹੀਂ-
ਜੋ ਇਕ ਵਸਤੂ ਦੀ ਤਰ੍ਹਾਂ
ਤੇਰੇ ਹੱਥੋਂ, ਜੂਏ 'ਚ ਜਾ ਹਰਾਂਗੀ।

ਮੈਂ ਸੱਸੀ ਵੀ ਨਹੀਂ-
ਜੋ ਤੇਰੀ ਡਾਚੀ ਦੀ
ਪੈੜ ਭਾਲਦੀ ਭਾਲਦੀ
ਤਪਦੇ ਰੇਗਿਸਤਾਨ 'ਚ ਸੜ ਮਰਾਂਗੀ।

ਮੈਂ ਸੋਹਣੀ ਵੀ ਨਹੀਂ-
ਜੋ ਕੱਚਿਆਂ ਤੇ ਤਰਦੀ ਤਰਦੀ
ਝਨਾਂ ਦੇ ਡੂੰਘੇ ਪਾਣੀਆਂ 'ਚ
ਜਾ ਖੜਾਂਗੀ।
ਮੈਂ ਅਬਲਾ ਨਹੀਂ
ਸਬਲਾ ਬਣਾਂਗੀ।

ਮੈਂ ਤਾਂ ਮਾਈ ਭਾਗੋ ਬਣ,
ਭਟਕੇ ਹੋਏ ਵੀਰਾਂ ਨੂੰ ਰਾਹੇ ਪਾਉਣਾ ਹੈ।
ਮੈਂ ਮਲਾਲਾ ਬਣ, ਔਰਤ ਦੇ ਹੱਕ 'ਚ ਖਲੋਣਾ ਹੈ
ਮੈਂ ਤਾਂ ਸ਼ਬਦਾਂ ਦਾ ਦੀਪ ਜਗਾ, ਹਨੇਰੇ ਰਾਹਾਂ ਨੂੰ
ਰੁਸ਼ਨਾਉਣਾ ਹੈ।

ਮੈਂ ਤਾਂ ਗੋਬਿੰਦ ਦੀ ਸ਼ਮਸ਼ੀਰ ਬਣ
ਜ਼ਾਲਿਮ ਨੂੰ ਸਬਕ ਸਿਖਾਉਣਾ ਹੈ।
ਮੈਂ ਤਾਂ ਕਲਪਨਾ ਚਾਵਲਾ ਬਣ,
ਧਰਤੀ ਹੀ ਨਹੀਂ, ਅੰਬਰ ਵੀ ਗਾਹੁਣਾ ਹੈ।

ਮੈਂ ਅਜੇ ਕਈ ਸਾਗਰ ਤਰਨੇ ਨੇ
ਮੈਂ ਅਜੇ ਪਰਬਤ ਸਰ ਕਰਨੇ ਨੇ
ਬਹੁਤ ਕੁਝ ਹੈ ਅਜੇ
ਮੇਰੇ ਕਰਨ ਲਈ।
'ਦੀਸ਼' ਕੋਲ ਵਿਹਲ ਨਹੀਂ
ਅਜੇ ਮਰਨ ਲਈ।

ਮੈਂ ਔਰਤ ਹਾਂ ਅਤੇ
ਔਰਤ ਹੀ ਰਹਾਂਗੀ।
ਪਰ ਮੈਂ ਤੇਰੇ ਪਿੱਛੇ ਨਹੀਂ
ਕਦਮਾਂ ਦੇ ਬਰਾਬਰ
ਕਦਮ ਧਰਾਂਗੀ।

ਸੋ ਕਿਉ ਮੰਦਾ ਆਖੀਐ

ਪ੍ਰੋਫੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਕਰਤਾ ਪੁਰਖ ਵਾਹਿਗੁਰੂ ਨੇ ਸੰਸਾਰ ਦੀ ਰਚਨਾ ਦੋ ਪ੍ਰਮੁੱਖ ਅੰਸ਼ਾਂ ਤੋਂ ਕੀਤੀ ਹੈ ਜਿਸ ਦੇ ਬਾਰੇ ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ:

ਸ਼ਿਵ ਸ਼ਕਤਿ ਆਪ ਉਪਾਇਕੈ ਕਰਤਾ ਆਪੇ ਹੁਕਮ ਵਰਤਾਏ ॥(SGGS-920)।

ਵਹਿਗੁਰੂ ਨੇ ਸ਼ਿਵ ਰੂਪ ਆਪਣੀ ਰੱਬੀ ਜੋਤ ਤੇ ਮਾਇਆ ਰੂਪ ਸ਼ਕਤੀ ਮਿਲਾ ਕੇ ਸੰਸਾਰ ਦੀ ਰੱਚਨਾ ਕੀਤੀ ਤੇ ਸੰਸਾਰ ਵਿਚ ਆਪਣਾ ਹੁਕਮ ਰੂਪੀ ਨਿਯਮ ਪ੍ਰਵਾਹਿਤ ਕਰ ਦਿੱਤਾ। ਇਥੇ ਸ਼ਿਵ ਪੁਰਸ਼ ਤੇ ਇਸਤ੍ਰੀ ਮਾਇਆ ਰੂਪ ਹਨ। ਸੰਸਾਰ ਵਿਚ ਦਿਸਦੇ ਸਾਰੇ ਜੀਵ ਜਗਤ ਵਿਚ ਨਰ-ਮਦੀਨ ਦੇ ਜੋੜੇ ਹਨ ਜਿਨ੍ਹਾਂ ਦੇ ਸੰਜੋਗ ਨਾਲ ਅੱਗੇ ਤੋਂ ਅੱਗੇ ਉਨ੍ਹਾਂ ਦੀ ਨਸਲ ਚਲਦੀ ਹੈ। ਮਾਨਵ ਜਾਤਿ ਵਿਚ ਵੀ ਇਸਤ੍ਰੀ-ਪੁਰਸ਼ ਮਾਨਵਤਾ ਦਾ ਮੂਲ ਸੋਮਾ ਹਨ। ਪੌਰਾਤਨ ਗ੍ਰੰਥਾਂ ਵਿਚ ਰੱਬ ਨੂੰ ਅਰਧ-ਨਾਰੀਸ਼ਵਰ ਦੇ ਰੂਪ ਵਿਚ ਬਿਆਨਿਆ ਗਿਆ ਹੈ। ਇਸੇ ਤਰ੍ਹਾਂ ਇਸਤ੍ਰੀ ਪੁਰਸ਼ ਦਾ ਅੱਧਾ ਅੰਗ (better half) ਮੰਨੀ ਜਾਂਦੀ ਹੈ। ਇਨ੍ਹਾਂ ਦੇ ਗੁਣਾ ਵਿਚ ਵੀ ਵਿਭਿੰਨਤਾ ਹੈ। ਜਿੱਥੇ ਇਸਤ੍ਰੀਆਂ ਵਿਚ ਨਿਮਰਤਾ, ਹਲੀਮੀ, ਮਿਠਾਸ ਸਹਿਨ-ਸ਼ੀਲਤਾ, ਕੋਮਲਤਾ ਆਦਿਕ ਅੰਤਰਮੁਖੀ ਗੁਣ ਹਨ, ਉਥੇ ਪੁਰਸ਼ ਵਿਚ ਵੀਰਤਾ, ਸਾਹਸ, ਦਲੇਰੀ, ਹਿੰਮਤ ਅਣਖ ਆਦਿ ਬਾਹਰਮੁਖੀ ਗੁਣਾ ਦਾ ਸਮਾਵੇਸ਼ ਹੋਇਆ ਹੈ। ਇਸ ਤਰਾਂ ਅੰਤਰ ਤੇ ਬਾਹਰਮੁਖੀ ਗੁਣਾਂ ਦੇ ਸੁਮੇਲ ਤੋਂ ਹੀ ਮਾਨਵਤਾ ਦੀ ਸਿਰਜਨਾ ਹੋਈ ਹੈ। ਭਾਰਤੀ ਸੰਸਕ੍ਰਿਤੀ ਵਿਚ ਇਸਤ੍ਰੀਆਂ ਦੇਵੀਆਂ ਮੰਨੀਆਂ ਜਾਂਦੀਆਂ ਸਨ ਜਿਨ੍ਹਾ ਦੇ ਵਿਭਿੰਨ ਸਰੂਪਾਂ ਦੀ ਪੂਜਾ ਚਲੀ ਆ ਰਹੀ ਹੈ। ਸਾਰੇ ਪ੍ਰਮੁਖ ਦੇਵਤਿਆ ਤੇ ਅਵਤਾਰਾਂ ਨਾਲ ਉਨ੍ਹਾਂ ਦੀਆਂ ਸਾਥਣਾਂ ਦੇ ਨਾਮ ਵੀ ਜੁੜੇ ਹਨ। ਜਿਵੇਂ ਬ੍ਰਹਮਾ-ਸਰਸਵਤੀ, ਵਿਸ਼ਨੂੰ-ਲਕਸ਼ਮੀ, ਸ਼ਿਵ-ਪਾਰਵਤੀ, ਸੀਤਾ-ਰਾਮ, ਰਾਧਾ-ਕ੍ਰਿਸ਼ਨ ਆਦਿ। ਰਾਮਾਇਣ ਤੇ ਮਹਾਭਾਰਤ ਵਿਚ ਇਸਤ੍ਰੀ ਦੇ ਸਨਮਾਨ ਦੀ ਰੱਖਿਆ ਲਈ ਲੜੇ ਗਏ ਜੁੱਧਾਂ ਦੀ ਕਥਾ ਭਾਰਤੀ ਜਨਮਾਨਸ ਦੇ ਚਿੱਤ ਵਿਚ ਵੱਸੀ ਹੋਈ ਹੈ।

ਪੌਰਾਤਨ ਯਹੂਦੀਆਂ ਵਿਚ ਅਸ਼ੀਰਾਹ (Asherah) ਰੱਬ (Ahweh) ਦੀ ਪਤਨੀ ਮੰਨੀ ਜਾਂਦੀ ਹੈ ਜਿਸਨੂੰ ਸੱਤਰ ਦੇਵਤਿਆਂ ਦੀ ਦੇਵੀ ਮਾਤਾ (Mother goddess) ਕਰਕੇ ਸੀਰੀਆ ਅਤੇ ਫ਼ਿਲਿਸਤੀਨ ਵਿਚ ਪੂਜਦੇ ਸੀ। ਕੈਥੋਲਿਕ ਈਸਾਈ ਮਤਿ ਵਿਚ ਕੁਆਰੀ ਮਰਿਅਮ (Virgin Mary) ਨੂੰ ਪ੍ਰਾਪਤ ਰੱਬੀ ਅੰਸ਼ ਨਾਲ ਹਜ਼ਰਤ ਈਸਾ (Jesus Christ) ਦਾ ਜਨਮ ਹੋਣ ਦਾ ਵਿਸ਼ਵਾਸ ਹੈ। ਇਸਲਾਮ ਵਿਚ ਹਜ਼ਰਤ ਮੁਹੰਮਦ ਦੀ ਬੇਟੀ ਬੀਬੀ ਫਾਤਿਮਾ (ਜੋ ਖ਼ਲੀਫਾ ਅਲੀ ਦੀ ਸੁਪਤਨੀ ਬਣੀ) ਨੂੰ ਸਾਰਾ ਇਸਲਾਮੀ ਜਗਤ ਪੂਜਦਾ ਹੈ। ਬਸਰਾ ਦੀ ਰਹਿਣ ਵਾਲੀ ਸੰਤ ਰਾਬੀਆ ਮਹਾਨ ਸੂਫ਼ੀ ਸੰਤ ਹੋਈ ਹੈ। ਵਿਰੱਕਤ ਰਹਿਣ ਵਾਲੀਆਂ ਸਾਧੂ-ਸੰਪ੍ਰਦਾਵਾਂ, ਸੰਨਿਆਸੀ, ਬੋਧੀ, ਜੈਨੀ ਸ੍ਰੇਵੜੇ, ਦਿਗੰਬਰ, ਜੰਮਮ ਬੈਰਾਗੀ ਆਦਿਕਾਂ ਦੇ ਮਤਾਂ ਅਨੁਸਾਰ ਔਰਤ ਨੂੰ ਮੁਕਤੀ ਨਹੀਂ ਪ੍ਰਾਪਤ ਹੋ ਸਕਦੀ। ਸਗੋਂ ਉਹ ਪੁਰਸ਼ ਦੀ ਮੁਕਤੀ ਵਿਚ ਵੀ ਬਾਧਕ ਹੈ। ਸਾਰੇ ਸੰਨਿਆਸੀ ਸੰਪ੍ਰਦਾਵਾਂ ਨੂੰ ਔਰਤ ਨਾਲ ਨਿਕਟਵਰਤੀ ਸੰਬੰਧ ਬਣਾਉਣ ਤੋਂ ਸਖਤੀ ਨਾਲ ਵਰਜਿਆ ਗਿਆ ਹੈ।

ਇਸਤ੍ਰੀਆਂ ਲਈ ਬੜੀਆਂ ਨਿਰਦਈ ਅਤੇ ਅਣਮਨੁੱਖੀ ਰਸਮਾਂ - ਸਤੀ, ਦਾਸੀ ਅਤੇ ਨਿਯੋਗ ਆਦਿ ਪ੍ਰਚੱਲਤ ਸਨ। ਸਦੀਆਂ ਤੋਂ ਚਲਦੇ ਆ ਰਹੇ ਇਨ੍ਹਾ ਸੰਸਕਾਰਾਂ ਦੀ ਮੈਲ ਅਜ ਇੱਕੀਵੀਂ ਸਦੀ ਦੇ ਵਿਗਿਆਨਕ ਯੁਗ ਵਿਚ ਵੀ ਲੋਕਾਂ ਦੇ ਮਨੋ ਨਹੀਂ ਉਤਰੈ। ਇਸਤ੍ਰੀਆਂ ਨਾਲ ਜਬਰ ਜਨਾਹ, ਭਰੂਣ-ਹੱਤਿਆ ਤੇ ਮਨ ਮਰਜ਼ੀ ਦਾ ਜੀਵਨ ਸਾਥੀ ਚੁਣਨ ਦੇ ਹਿੰਸਾਤਮਕ ਵਿਰੋਧ ਦੀਆਂ ਖ਼ਬਰਾਂ ਅਖਬਾਰਾਂ ਤੇ ਇਲਟ੍ਰੋਨਿਕ ਮੀਡੀਆਂ ਵਿਚ ਆਉਂਦੀਆਂ ਰਹਿੰਦੀਆਂ ਹਨ ।

ਭਾਰਤੀ ਇਤਿਹਾਸ ਵਿਚ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਇਸਤ੍ਰੀ ਨਾਲ ਹੁੰਦੇ ਅੰਨਿਆਂ ਦੇ ਖ਼ਿਲਾਫ਼ ਨਿਸੰਗ ਤੇ ਨਿਰਭੈ ਹੋ ਕੇ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਸਮਾਜ ਵਿਚ ਇਸਤ੍ਰੀ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਕਿਹਾ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥ (SGGS -473)।

ਇਸਤ੍ਰੀ ਨਾਲ ਬੜਾ ਅੰਨਿਆਂ ਕੀਤਾ ਗਿਆ ਹੈ। ਇਹ ਸ਼ਾਇਦ ਰਾਜਨੈਤਿਕ ਮੁਖੀ ਹੋਣ ਕਾਰਣ ਪੁਰਸ਼ ਦੀ ਮਨਮਾਨੀ ਪ੍ਰਭਤਾ ਲਈ ਮਿਲੀ-ਭਗਤ ਕਰਕੇ ਹੋਇਆ। ਪਹਿਲੇ ਸ੍ਰਿਮ੍ਰਿਤੀਆਂ ਸ਼ਾਸਤ੍ਰਾਂ ਵਿਚ ਇਸਤ੍ਰੀ ਨੂੰ ਪੁਰਸ਼ ਨਾਲੋਂ ਹੀਣਾ ਦੱਸਿਆ ਗਿਆ। ਮਨੂੰ ਸਮ੍ਰਿਤੀ ਵਿਚ ਇਸਤ੍ਰੀ ਲਈ ਅਤਿ ਦੇ ਅਮਾਨਵੀ ਆਦੇਸ਼ ਦਰਜ ਕੀਤੇ ਗਏ ਜਿਵੇਂ:

ਬੱਚੀਆ ਅਤੇ ਕੁਆਰੀਆ ਕੁੜੀਆਂ ਪਿਤਾ, ਵਿਆਹੀਆਂ ਔਰਤਾਂ ਪਤੀ ਅਤੇ ਵਿਧਵਾਵਾਂ ਆਪਣੇ ਪੁੱਤਰਾਂ ਦੀ ਸਪੁਰਦਗੀ ਵਿਚ ਰਹਿਣ। ਕਿਸੇ ਸੂਰਤ ਵਿਚ ਵੀ ਇਸਤ੍ਰੀ ਨੂੰ ਖ਼ੁਦਮੁਖ਼ਤਾਰੀ ਨਾ ਦਿੱਤੀ ਜਾਵੇ।(ਮ.ਸ.-5/ 151)।

ਇਸਤ੍ਰੀਆਂ ਨੂੰ ਸਮਾਜਕ ਤੌਰ ਤੇ ਨੀਵੇਂ ਸਮਝੇ ਜਾਂਦੇ ਸਮਾਜਕ ਵਰਗਾਂ ਨਾਲ ਜੋੜਿਆ ਗਿਆ ਹੈ:

ਇਸਤ੍ਰੀਆਂ ਵਿਸ਼ਵਾਸ ਯੋਗ ਨਹੀਂ; ਉਹ ਮੂਰਖ ਹਨ ਜੋ ਸੌਖੀਆਂ ਭ੍ਰਿਸ਼ਟ ਹੋ ਜਾਂਦੀਆਂ ਹਨ। (ਗੀਤਾ-1/40)। ਉਹ ਮਰਦ ਦੀ ਮੁਕਤੀ ਦੇ ਰਾਹ ਵਿਚ ਬਾਧਕ ਹਨ। (ਗੀਤਾ-16/11-12)।

ਤੁਲਸੀ ਦਾਸ ਨੇ ਵੀ ਇਸਤ੍ਰੀ ਨੂੰ ਪਸ਼ੂਆਂ. ਮੂਰਖਾਂ ਅਤੇ ਸ਼ੂਦਰਾਂ ਤੁਲ ਕਿਹਾ ਹੈ: ਢੋਰ ਗਵਾਰ ਸ਼ੂਦਰ ਪਸ਼ੂ, ਨਾਰੀ, ਪਾਂਚੋਂ ਤਾੜਨ ਕੇ ਅਧਿਕਾਰੀ।

ਗੁਰਮਤਿ ਅਨੁਸਾਰ ਨਾਰੀ ਨੂੰ ਪੁਰਸ਼ ਨਾਲੋਂ ਵੀ ਉੱਚਾ ਦਰਜਾ ਦਿੱਤਾ ਗਿਆ ਹੈ। ਇਕੋ ਪਰਮੇਸ਼ਰ ਹੀ ਪੁਰਖ ਹੈ। ਬਾਕੀ ਸਾਰੇ ਮਨੁੱਖ ਇਸਤ੍ਰੀ ਪੁਰਸ਼ ਉਸ ਦੀਆਂ ਨਾਰੀਆਂ ਹਨ :

ਠਾਕੁਰ ਏਕੁ ਸਬਾਈ ਨਾਰਿ॥(SGGS-933)। ਅਤੇ : ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ॥ ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ॥ (SGGS-729)।

ਪ੍ਰਭੂ ਭਗਤੀ ਇਕ ਆਦਰਸ਼ਕ ਇਸਤ੍ਰੀ ਦੇ ਰੂਪ ਵਿਚ ਹੈ ਜੋ ਹਰ ਪੱਖੋਂ ਪਰੀਪੂਰਣ ਹੈ।

ਬਤਹੀ ਸੁਲਖਣੀ ਸਚ ਸੰਤਤਿ ਪੂਤ॥ ਆਗਿਆਕਾਰੀ ਸੁਘੜ ਸਰੂਪ॥ ਇਛ ਪੂਰੇ ਮਨ ਕੰਤ ਸੁਆਮੀ॥ ਸਗਲ ਸੰਤੋਖੀ ਦੇਰ ਜੇਠਾਣੀ (SGGS-370)।

ਇਹ ਭਗਤੀ ਰੂਪ ਇਸਤ੍ਰੀ ਦਇਆ, ਨਿਮਰਤਾ, ਬੱਤੀ ਸੁਹਣੇ ਲੱਛਣਾ ਵਾਲੀ ਸੁਚੱਜੀ, ਸੋਹਣੀ ਅਤੇ ਆਗਿਆਕਾਰੀ ਹੈ। ਸਦਾ-ਥਿਰ ਪਰਮਾਤਮਾ ਦਾ ਨਾਮ ਇਸ ਦੀ ਸੰਤਾਨ ਹੈ, ਪੁੱਤਰ ਹਨ। ਆਪਣੇ ਕੰਤ ਪਰਮੇਸ਼ਰ ਦੀ ਹਰੇਕ ਇਛਿਆ ਦਿਲੋਂ ਮਨੋ ਪੂਰੀ ਕਰਦੀ ਹੈ। ਆਸਾ ਤ੍ਰਿਸ਼ਨਾ ਰੂਪੀ ਦਰਾਣੀ ਜੇਠਾਣੀ ਨੂੰ ਸੰਤੋਖ ਦੇਂਦੀ ਹੈ।

ਇਸਤ੍ਰੀ ਨਾਲ ਸਦੀਆਂ ਤੋਂ ਹੁੰਦੇ ਅੰਨਿਆਂ, ਅਤਿਆਚਾਰ ਵਿਰੁੱਧ ਸਤਿਗੁਰਾਂ ਨੇ ਆਵਾਜ਼ ਉਠਾਈ ਅਤੇ ਉਸਨੂੰ ਰੋਕਣ ਲਈ ਉਪਰਾਲੇ ਵੀ ਕੀਤੇ। ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਵਿਰੋਧ ਕਰਦਿਆਂ ਇਸ ਦੇ ਸੱਚੇ ਅਰਥ ਦੱਸੇ ਹਨ।

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥ ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ੍॥ ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ੍॥ (SGGS-787)।

ਸਤੀਆਂ ਉਹ ਨਹੀਂ ਜੋ ਪਤੀ ਦੇ ਨਾਲ ਸੜ ਮਰਨ। ਸਤੀਆਂ ਉਹ ਹਨ ਜੋ ਵਿਛੋੜੇ ਵਿਚ ਸਦਾਚਾਰ ਤੇ ਸੰਤੋਖ ਨਾਲ ਸੱਚੇ ਸਾਈਂ ਵਾਹਿਗੁਰੂ ਦਾ ਸਿਮਰਨ ਕਰਨ: (SGGS-97)।

ਜਿਤੁ ਘਰਿ ਪਿਰਿ ਸੋਹਾਗੁ ਬਣਾਇਆ॥ ਤਿਤੁ ਘਰਿ ਸਖੀਏ ਮੰਗਲੁ ਗਾਇਆ॥ ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥ ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ॥ ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ॥

ਗੁਰਬਾਣੀ ਵਿਚ ਜਿੱਥੇ ਇਸਤ੍ਰੀ ਨੂੰ ਸ੍ਰੇਸ਼ਟਤਾ ਵਲ ਵੱਧਣ ਦੇ ਉਪਦੇਸ਼ ਕੀਤੇ ਗਏ ਹਨ ਉਥੇ ਪੁਰਸ਼ ਨੂੰ ਵੀ ਨਾਰੀ ਪ੍ਰਤੀ ਦੁਰਭਾਵਨਾ ਤੋਂ ਵਰਜਿਆ ਹੈ: "ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ"। ਅਤੇ (SGGS 1165) ਅਨੁਸਾਰ :

ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੇ ਧੰਧਾ॥ ਜੈਸੇ ਸਿੰਬਲੁ ਦੇਖਿ ਸੁਆ ਬਿਗਸਾਨਾ॥ ਅੰਤ ਕੀ ਬਾਰ ਮੂਆ ਲਪਟਾਨਾ॥

ਗੁਰਮਤਿ ਅਨੁਸਾਰ ਜਿੱਥੇ ਗ੍ਰਹਿਸਤ ਜੀਵਨ ਨੂੰ ਸਾਰੇ ਧਰਮਾਂ ਵਿਚੋਂ ਸ੍ਰੇਸ਼ਟ ਮੰਨਿਆ ਹੈ ਉੱਥੇ ਨਾਲ ਹੀ ਪਤੀ-ਪਤਨੀ ਨੂੰ ਵੀ ਸਰੀਰੋਂ ਉਪਰ ਉਠ ਕੇ ਆਤਮਿਕ ਸੰਬੰਧਾਂ ਦੀ ਸਿਖਿਆ ਦਿੱਤੀ ਹੈ :

ਧਨ ਪਿਰੁ ਇਹਿ ਨ ਆਖੀਅਨਿ ਬਹਨਿ ਇਕਠੇ ਹੋਇ॥ ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ (SGGS-788)।

ਸਿੱਖ ਧਰਮ ਵਿਚ ਇਸਤ੍ਰੀ ਨੂੰ ਹਰ ਪੱਖੋਂ ਮਰਦ ਦੇ ਬਰਾਬਰ ਹੀ ਨਹੀਂ ਰੱਖਿਆ, ਸਗੋਂ ਜੀਵਨ ਦਾ ਅੱਧਾ ਅੰਗ ਮੰਨਿਆਂ ਗਿਆ ਹੈ। ਜਿੱਥੇ ਸਮਕਾਲੀ ਵਿਰੱਕਤ ਰਹਿਣ ਵਾਲੇ ਸਾਧ-ਸੰਪ੍ਰਦਾਇ ਇਸਤ੍ਰੀ ਨੂੰ "ਨਰਕ ਦੁਆਰੀ" ਕਹਿੰਦੇ ਸਨ ਉਥੇ ਭਾਈ ਗੁਰਦਾਸ ਜੀ ਨੇ ਇਸਤ੍ਰੀ ਨੂੰ ਸਨਮਾਨਿਆ ਹੈ :

ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ॥(ਵਾਰ-5/16)।

ਸਤਿਗੁਰਾਂ ਦੀਆਂ ਬਖ਼ਸ਼ਿਸ਼ਾ ਨਾਲ ਸਿੱਖ ਇਸਤ੍ਰੀਆਂ ਨੇ ਗੁਰੂ ਸਾਹਿਬਾਨ ਦੇ ਸਮੇ ਤੋਂ ਹੀ ਸਮਾਜ ਦੇ ਵਿਕਾਸ ਵਿਚ ਪੁਰਸ਼ਾਂ ਬਰਾਬਰ ਯੋਗਦਾਨ ਪਾਇਆ ਹੈ। ਗੁਰੂ ਨਾਨਕ ਦੇ ਸਰੀਰਕ ਦੀਦਾਰ ਕਰਨ ਵਾਲੀ ਪਹਿਲੀ ਔਰਤ ਦਾਈ ਦੌਲਤਾਂ ਸੀ।

ਉਨ੍ਹਾ ਦੇ ਪਹਿਲੇ ਆਤਮਿਕ ਦਰਸ਼ਨ ਵੀ ਭੈਣ ਬੇਬੇ ਨਾਨਕੀ ਨੇ ਕੀਤੇ ਸਨ। ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਨੇ ਲੰਗਰ ਦੀ ਮਹਾਨ ਪ੍ਰੰਪਰਾ ਨੂੰ ਅਰੰਭ ਕੀਤਾ। ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਨੇ ਗੁਰੂ-ਪੁੱਤਰੀ, ਗੁਰੂ-ਪਤਨੀ ਅਤੇ ਗੁਰੂ-ਮਾਤਾ ਦਾ ਮਹਾਨ ਦਰਜਾ ਪ੍ਰਾਪਤ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਦੀ ਸਪੁੱਤਰੀ ਬੀਬੀ ਵੀਰੋ ਪੰਜ ਸੂਰਬੀਰ ਪੁੱਤਰਾਂ ਦੀ ਜਨਨੀ ਬਣੀ। ਮਾਤਾ ਗੁਜਰੀ ਜੀ ਨੇ ਸਿੱਖੀ ਵਿਚ ਸ਼ਹੀਦੀ ਦੀ ਮਹਾਨ ਪਰੰਪਰਾ ਨੂੰ ਪਾਲਿਆ ਪਲੋਸਿਆ ਤੇ ਹੰਡਾਇਆਂ।

ਆਪਣੀ ਸ਼ਹਾਦਤ ਦੇ ਨਾਲ ਉਨ੍ਹਾਂ ਨੇ ਸ਼ਹੀਦ-ਪਤਨੀ, ਸ਼ਹੀਦ-ਮਾਤਾ ਤੇ ਸ਼ਹੀਦ-ਦਾਦੀ ਦਾ ਮਹਾਨ ਰੁਤਬਾ ਵੀ ਪ੍ਰਾਪਤ ਕੀਤਾ। ਸੂਰਬੀਰ ਮਾਈ ਭਾਗੋ ਦਾ ਯੋਗਦਾਨ ਕੌਣ ਭੁਲਾ ਸਕਦਾ ਹੈ ਜਿਸਨੇ ਗੁਰੂ ਤੋਂ ਬੇਮੁਖ ਹੋਏ ਸਿੱਖਾਂ ਦੀ ਰਹਿਬਰੀ ਕਰਕੇ ਖਿਦਰਾਣੇ ਦੀ ਢਾਬ ਦੀ ਲੜਾਈ ਵਿਚ ਉਨ੍ਹਾਂ ਦੀ ਗੁਰੂ ਨਾਲੋਂ ਟੁੱਟੀ ਗੰਢਵਾਈ ਸੀ।

ਗੁਰੂ ਕਾਲ ਦਾ ਮਗਰਲਾ ਸਿੱਖ ਇਤਿਹਾਸ ਵੀ ਸਿੱਖ ਇਸਤ੍ਰੀਆਂ ਦੇ ਸ਼ੰਘਰਸ਼ ਤੇ ਕੁਰਬਾਨੀਆਂ ਨਾਲ ਭਰਿਆਂ ਪਿਆ ਹੈ। ਅਣਗਿਣਤ ਬੇਨਾਮ ਸਿੱਖ ਇਸਤ੍ਰੀਆਂ, ਜਿਨ੍ਹਾਂ ਜੇਲਾਂ ਕੱਟੀਆਂ ਸਵਾ ਸਵਾ ਮਣ ਪੀਸਣ ਪੀਸੇ, ਖੰਨੀ ਖੰਨੀ ਰੋਟੀ ਤੇ ਗੁਜ਼ਾਰਾ ਕੀਤਾ ਤੇ ਆਪਣੇ ਬਚਿਆਂ ਦੀਆਂ ਬੋਟੀਆ ਦੇ ਹਾਰ ਗਲਾਂ ਵਿਚ ਪੁਆਏ ਤੇ ਜ਼ਾਲਮ ਜਰਵਾਣਿਆਂ ਦੀ ਈਨ ਰੱਤਾ ਭਰ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਮਾਤਾ ਸੁੰਦਰੀ ਜੀ ਨੇ ਜੀਵਨ ਤੇ ਮੌਤ ਦੀ ਬਾਜ਼ੀ ਲਾਉਂਦੇ ਸਿੱਖਾਂ ਦੀ ਰਹਿਬਰੀ ਕੀਤੀ। ਰਾਣੀ ਸਦਾ ਕੌਰ ਨੇ ਖੇਰੂੰ ਖੈਰੂੰ ਹੋਈ ਸਿਖ ਕੌਮ ਦਾ ਰਾਜਨੈਤਿਕ ਸੰਗਠਨ ਕਰਨ ਵਿਚ ਕਿਵੇਂ ਮਹਾਰਾਜਾ ਰਣਜੀਤ ਸਿੰਘ ਦਾ ਸਹਿਯੋਗ ਤੇ ਨਿਰਦੇਸ਼ਨ ਕੀਤਾ। ਕੀ ਇਨ੍ਹਾ ਮਹਾਨ ਇਸਤ੍ਰੀਆਂ ਦੀ ਕਰਨੀ ਅਤੇ ਕੁਰਬਾਨੀ ਦੀ ਸਾਨੂੰ ਕੋਈ ਸਾਰ ਹੈ ? ਇਹ ਅੱਜ ਸਾਰੀ ਸਿੱਖ ਕੌਮ ਲਈ ਇਕ ਵੱਡਾ ਸਵਾਲ ਹੈ।

The Indian Feminist Movement ਦੀ ਕਾਰਜਕਰਤਾ ਸੀਤਾ ਅੱਗਰਵਾਲ ਦੀ ਭੈਣ ਭਰ ਜਵਾਨੀ ਦੀ ਉਮਰੇ ਦਾਜ ਦੀ ਬਲੀ ਚੜ੍ਹਾਈ ਗਈ ਸੀ। ਇਸ ਦੁਰਘਟਨਾ ਨੇ ਉਸਨੂੰ ਉਪ੍ਰੋਕਤ ਸੰਸਥਾ ਵਿਚ ਸ਼ਾਮਿਲ ਹੋਣ ਲਈ ਪ੍ਰੇਰਤ ਕੀਤਾ। ਉਸਨੇ ਭਾਰਤ ਵਿਚ ਹੁੰਦੇ ਇਸਤ੍ਰੀਆਂ ਨਾਲ ਅੰਨਿਆਂ ਅਤੇ ਤਸ਼ੱਦਦ ਦੇ ਖ਼ਿਲਾਫ਼ ਇਕ ਕਿਤਾਬ ਲਿਖੀ।

ਇਸ ਕਿਤਾਬ ਵਿਚ ਉਸ ਨੇ ਗੁਰੂ ਨਾਨਕ ਦੇਵ ਜੀ ਅਤੇ ਸਿੱਖ ਧਰਮ ਦੀ ਇਸਤ੍ਰੀਆਂ ਪ੍ਰਤੀ ਵਤੀਰੇ ਦਾ ਇਹ ਜ਼ਿਕਰ ਕੀਤਾ ਹੈ :

In Sikh scriptures, the role of women is known from 1500 AD. Guru Nanak Dev condemned the man-made notion of the inferiority of women, and protested against their long subjugation. Guru Nanak was the first reformer of India who revolted against the injustice done to women in society since times immemorial. Guru Nanak encouraged women to break the shackles of slavery. He fought for liberation of women in the 16^{th} century whereas the movement for the emancipation of women was started in Europe in the 19^{th} century.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਕੁਝ ਪ੍ਰਸ਼ਨ ਅਤੇ ਉਤੱਰ
(ਲੜੀ ਜੋੜਨ ਲਈ 'ਸਾਂਝੀ ਵਿਰਾਸਤ' ਦੇ ਪਿਛਲੇ ਅੰਕ ਦੇਖੋ ਜੀ)

Questions and Answers about Sri Guru Granth Sahib (SGGS) Ji
(Please see Earlier Question-Answers in past issues)

ਪ੍ਰਸ਼ਨ 12. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਜੀ ਵਾਰ ਸੰਪਾਦਨਾ ਕਿਸ ਸਥਾਨ ਤੇ ਕੀਤੀ ਗਈ ਸੀ ?

ਉਤਰ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਜੀ ਵਾਰ ਸੰਪਾਦਨਾ ਸਾਬੋ ਕੀ ਤਲਵੰਡੀ (ਅੱਜ ਤਖਤ ਸ੍ਰੀ ਦਮਦਮਾ ਸਾਹਿਬ, ਬਠਿੰਡਾ) ਦੇ ਸਥਾਨ ਤੇ ਕੀਤੀ ਗਈ ਸੀ ।

Q12. Where was Sri Guru Granth Sahib Ji compiled the second time?

Ans. Sri Guru Granth Sahib was compiled at 'Sabo ki Talwandi' presently known as Takhat Sri Damdama Sahib.

ਪ੍ਰਸ਼ਨ 13. ਸਾਬੋ ਕੀ ਤਲਵੰਡੀ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਹੋਰ ਕਿਸ ਨਾਮ ਨਾਲ ਸਿੱਖ ਯਾਦ ਕਰਦੇ ਹਨ ?

ਉਤਰ:- ਸਾਬੋ ਕੀ ਤਲਵੰਡੀ ਤਖਤ ਸ੍ਰੀ ਦਮਦਮਾ ਸਾਹਿਬ ਨੂੰ 'ਗੁਰੂ ਕੀ ਕਾਸ਼ੀ' ਦੇ ਨਾਮ ਨਾਲ ਸਿੱਖ ਯਾਦ ਕਰਦੇ ਹਨ।

Q13. By what other name do the Sikhs remember Sabo ki Talwandi- Takhat Sri Damdama Sahib?

Ans. The Sikhs remember Sabo ki Talwandi-Takhat Sri Damdama Sahib as 'Guru ki Kanshi'.

ਮਾਂ ਬੋਲੀ

ਜਿਤਨਾ ਵੱਡਾ ਮਾਂ ਦਾ ਰੁਤਬਾ,
ਉਤਨਾ ਹੀ ਮਾਂ-ਬੋਲੀ ਦਾ।
ਭੁੱਲ ਜਾਵੇਂਗਾ ਇਸ ਨੂੰ ਜੇਕਰ
ਕੀ ਕਰੇਂਗਾ ਸੱਖਣੀ ਝੋਲੀ ਦਾ।
ਪੰਜ ਆਬਾਂ ਦੀ ਮਾਖਿਓਂ ਮਿੱਠੀ,
ਇਹ ਪੰਜਾਬੀ ਬੋਲੀ ਏ,
ਸੁਣ ਕੇ ਲਗਦੈ, ਕੰਨਾਂ ਦੇ ਵਿਚ
ਕਿਸੇ ਨੇ ਮਿਸ਼ਰੀ ਘੋਲੀ ਏ।
ਚੜ੍ਹਦੇ -ਲਹਿੰਦੇ ਦੋਹੇਂ ਪਾਸੇ
ਇਸ ਦੇ ਝੰਡੇ ਝੁੱਲਦੇ ਨੇ।
ਸਭ ਮੁਲਕਾਂ ਵਿਚ ਹੁਣ ਤਾਂ ਯਾਰੋ
ਇਸ ਲਈ ਰਾਹ ਪਏ ਖੁੱਲ੍ਹਦੇ ਨੇ।
ਮਾਝੀ, ਮਲਵਈ ਅਤੇ ਦੁਆਬੀ,
ਦੀ ਹਰ ਥਾਂ ਸਰਦਾਰੀ ਹੈ।
ਮੁਲਤਾਨੀ ਤੇ ਕਿਤੇ ਪੁਆਧੀ,
ਨੇ ਵੀ ਮਹਿਕ ਖਿਲਾਰੀ ਹੈ।
ਸੂਫੀਆਂ, ਗੁਰੂਆਂ , ਕਿੱਸਾਕਾਰਾਂ
ਇਸ ਦਾ ਮਾਣ ਵਧਾਇਆ ਏ।
ਇਸ ਬੋਲੀ ਦੇ ਸਾਹਿਤਕਾਰਾਂ,
ਇਸ ਦਾ ਕਰਜ਼ ਚੁਕਾਇਆ ਏ।
ਮੇਰੀ ਮਾਂ- ਬੋਲੀ ਪੰਜਾਬੀ
ਮਾਣ ਮੈਂ ਇਸ ਤੇ ਕਰਦਾ ਹਾਂ।
ਇਸ ਮਾਂ ਨੇ ਹੀ ਰਿਜ਼ਕ ਬਖਸ਼ਿਆ,
ਇਸ ਤੋਂ ਝੋਲੀਆਂ ਭਰਦਾ ਹਾਂ।

ਗੁਰਚਰਨ ਸਿੰਘ "ਜੋਗੀ"

ਸਾਨੂੰ ਇਨ੍ਹਾਂ ਤੇ ਮਾਣ ਹੈ
We are Proud of them

Award for Sikh Gurdwara in Dubai

"**Dubai Quality Award 2024**" was given by the Government, to Dubai's Gurdwara, Guru Nanak Darbar recognizing its dedication to service and community. Dr. Bubbles Kandhari was awarded the "Emirates Women Award 2024", a testament to the values of *seva* (selfless service) and compassion that guide us. The Sikhs of Dubai observed a *Shukrana Di Ardas* (Thanksgiving Prayer) on the 6th February 2025 in the Gurdwara in Jebel Ali, Dubai. (S. Tarlochan Singh, Ex-M.P.)

S. Baltej Singh Dhillon becomes Independent Senator in BC (Canada)

The first RCMP officer to wear a turban on job is now a Canadian senator**.** Dhillon retired in 2019 after a 30-year career in the police force that saw him rise to the rank of Inspector, as he took part in high-profile cases, including investigations into serial a killer case and the Air India bombing. Dhillon can hold this office until 75.

American City Renames a Park After Sikh Human Rights Advocate

Fresno, a city in Central California, renamed its Victoria Park after S. Jaswant Singh Khalra, a Sikh human rights activist in India. Khalra had investigated the state's crimes against Sikhs, along with another Sikh named S. Jaspal Singh Dhillon, and had presented his evidence to the Supreme Court of India, along with the "Committee for Information and Initiative on Punjab." It was confirmed by an independent international non-profit organization (*Ensaaf*) pursing justice for state crimes. According to India's Central Board of Investigations (CBI), 2,097 people had been illegally killed and cremated in three districts of Punjab state between 1984 and 1994, though human rights advocates have said the number may be more than 6,000. In 1995, Khalra was abducted, according to the Supreme Court of India. He was killed by Punjab police, court papers said. Five police officers were convicted in Sardar Khalra's death case, receiving life sentences in 2007. The City of Fresno's Councillor Oliver Baines had also helped pass a resolution recognizing the 1984 Anti-Sikh Massacre in India, which killed nearly 3,000, as a genocide. Sardar Khalra's daughter, Navkiran Kaur Khalra, said that "Naming the park is recognizing what he did and inspiring future generations that no matter how hard the situation is, you have to be the light in that darkness. The people got inspired by my father's work because it was not just a Sikh issue, it is a Human Rights issue."

French University honors S. Gurmeet Singh with PhD in Hospitality Management

Sardar Gurmeet Singh (Chhatarpur, India), Chairman, of the Bel-La-Monde Group of Hotels was recently awarded PhD in Hospitality Management by the Sorbonne University of France at its 20th Global Excellence Celebrations. The award was given by the International University, Sorbonne. He also becomes the first Sikh to be appointed a Jury Member.

Canadian Sikh Scientist collaborates in R & D with World's Top Japanese Researchers and Engineers

Dr. Raja Balraj Singh, PhD - Cardio-Vascular Sciences (University of Manitoba, Cabada), Chief Scientist, Bio-Aro, Calgary with Dr. Hiroshi Ishiguro who is a world-renowned Japanese Roboticist and Engineer. He is the Director of the Intelligent Robotics Laboratory at Osaka University in Japan. Dr. Ishiguro is famous for creating highly realistic Humanoid Robots, including an android replica of himself called the Geminoid.

Calgary Sikh boy in "Top 20 under 20" (2025) distinguished students

Ransher Raj Singh Bhatti (17), an honour-roll student of the Sir Winston Churchill High School, Calgary, received rare distinction in his International Baccalaureate (IB) program. School bullies targeted him for his perceived differences. He channelled that experience to build a more supportive environment by sharing his culture, first at his school as President of the Sikh Students' Association, and then with the wider community as a volunteer Technical Assistant for *Sanjhi Virasat* (Shared Heritage), a bilingual, online magazine, helping the Editor with editing, posting and website design.

He embodies the Sikh Principle of *Seva* (selfless service) by volunteering his time to provide meals for the needy and supplying food for the Calgary Food Bank. He wants to use his skills to promote democracy and ensure that everyone has a voice.

ਗ਼ਜ਼ਲ

ਮਾਂ ਬੋਲੀ ਦਿਵਸ ਦੀ ...
ਸ਼ਬਦ ਸ਼ਬਦ ਵਧਾਈ

ਸ੍ਰੀ ਸਤੀਸ਼ ਗੁਲਾਟੀ, ਲੁਧਿਆਣਾ (ਪੰਜਾਬ, ਭਾਰਤ)
gulatipublishersltd@gmail.com



35 ਅੱਖਰ ਕਿੱਥੇ-ਕਿੱਥੇ ਉੱਠਦੇ ਬਹਿੰਦੇ ਨੇ
ਮੇਰੇ ਵੱਡ-ਵਡੇਰੇ ਮੈਥੋਂ ਪੁੱਛਦੇ ਰਹਿੰਦੇ ਨੇ।

ਵਾਰਸ, ਬੁੱਲ੍ਹਾ, ਬਾਹੂ, ਕਾਦਰਯਾਰ, ਹੁਸੈਨ, ਫਰੀਦ,
ਅਰਸ਼ਾਂ ਵਿੱਚੋਂ ਚੁੱਪ-ਚੁਪੀਤੇ ਤੱਕਦੇ ਰਹਿੰਦੇ ਨੇ।

ਬਾਣੀ, ਬਾਈਬਲ, ਗੀਤਾ, ਤਾਓ, ਵੇਦ, ਕੁਰਾਨ ਮਜੀਦ,
ਕਲਮਾਂ ਵਾਲੇ ਇਹਨਾਂ ਚੋਂ ਤੱਤ ਕੱਢਦੇ ਰਹਿੰਦੇ ਨੇ।

ਓਸ ਮਸੀਤ ਦੇ ਮੱਥੇ ਤੇ ਕੁਝ ਸਦੀਆਂ ਉਕਰੀਆਂ,
ਜਿਸ ਦੇ ਮਨ ਮਸਤਕ ਵਿੱਚ ਕੋਠੇ ਡਿੱਗਦੇ ਢਹਿੰਦੇ ਨੇ।

ਮਿੱਟੀ ਦੇ ਸਨ, ਮਿੱਟੀ ਵਾਜਾਂ ਮਾਰ ਹੀ ਲੈਂਦੀ ਸੀ,
ਸੰਗਮਰਮਰ ਦੇ ਪਹਿਰਾਵੇ ਤਾਂ ਲੜਦੇ ਰਹਿੰਦੇ ਨੇ।

ਸੱਤਾ ਦਾ ਸੁੱਖ ਭੋਗਣ ਵਾਲੇ ਭੁੱਲ-ਭੱਲ ਜਾਂਦੇ ਹਨ,
ਸ਼ਾਇਰਾਂ ਦੇ ਪਰ ਨਾਂ ਤੇ ਮੇਲੇ ਲੱਗਦੇ ਰਹਿੰਦੇ ਨੇ।

ਵਿਅਕਤੀਗਤ ਲੀਡਰਸ਼ਿਪ ਤੋਂ ਹੋਏ ਸਿੱਖਾਂ ਦੇ ਨੁਕਸਾਨ

ਡਾ. ਸਰਦਾਰ ਸੁਖਮੰਦਰ ਸਿੰਘ, ਸਾਂਤਾ ਕਲਾਰਾ ਯੂਨੀਵਰਸਿਟੀ (ਅਮਰੀਕਾ)

ਪੰਜਾਬੀ ਅਨੁਵਾਦ: ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)

ਸਾਰ:

ਇਥੇ ਇਹ ਵਿਚਾਰ ਪੇਸ਼ ਕੀਤਾ ਜਾਂਦਾ ਹੈ ਕਿ ਬਹੁਤ ਵਾਰ ਇਕ ਵਿਅਕਤੀ (ਵਿਅਕਤੀਗਤ) ਦੇ ਰੂਪ ਵਿਚ ਅਗਵਾਈ ਨੇ ਸਿੱਖਾਂ ਦਾ ਨੁਕਸਾਂਨ ਕੀਤਾ ਹੈ। ਇਸ ਲਈ ਸਮੂਹਿਕ ਸਿਆਣਪ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਪਿਛੋਕੜ:

ਪੰਥ ਨੂੰ ਅੱਗੇ ਵਧਾਉਣ ਦੇ ਰਾਹ ਵਜੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਦਿੱਤੀ ਅਤੇ ਪੰਜ ਪਿਆਰਿਆਂ ਨੂੰ ਪੰਥ ਲਈ ਫੈਸਲੇ ਕਰਨ ਦਾ ਅਧਿਕਾਰ ਬਖਸ਼ਿਆ। ਇਸ ਦਾ ਮਤਲਬ ਸੀ ਕਿ ਇਸ ਤੋਂ ਬਾਅਦ ਸਿੱਖ ਉਨ੍ਹਾਂ ਦੀ ਅਗਵਾਈ ਕਰਨ ਲਈ ਇੱਕ ਵਿਅਕਤੀ ਦੀ ਭਾਲ ਨਹੀਂ ਕਰਨਗੇ। ਦੂਜੇ ਸ਼ਬਦਾਂ ਵਿਚ, ਇੱਕ ਵਿਅਕਤੀ ਦੇ ਰੂਪ ਵਿੱਚ ਲੀਡਰਸ਼ਿਪ ਪੂਰੀ ਤਰ੍ਹਾਂ ਭੰਗ ਹੋ ਗਈ ਸੀ ਅਤੇ ਸਮੂਹਕ ਸਿਆਣਪ ਵਰਤਣ ਦਾ ਉਦੇਸ਼ ਸੀ।

ਵਿਅਕਤੀਗਤ ਨੇਤਾਵਾਂ ਵਲੋਂ ਸਿੱਖੀ ਦੇ ਨੁਕਸਾਨ:

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਸਮੂਹਿਕ ਸਿਆਣਪ ਦੀ ਧਾਰਨਾ ਅਨੁਸਾਰ ਕੰਮ ਕਰਨ ਲਈ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਲ ਪੰਜ ਸਿੱਖ ਜੋੜ ਕੇ ਸਮੂਹਕ ਸਿਆਣਪ ਵਰਤਣ ਲਈ ਦੱਸਿਆ ਗਿਆ।

ਕਿਹਾ ਗਿਆ ਕਿ ਜੱਥਿਆਂ ਦੇ ਟਿਕਾਣੇ, ਯੁੱਧ, ਖੇਤਰੀ ਤੇ ਹੋਰ ਰਣਨੀਤਕ ਯੋਜਨਾਬੰਦੀ, ਅਤੇ ਹਥਿਆਰਾਂ, ਆਦਿ ਵਰਗੇ ਸਾਰੇ ਮਾਮਲਿਆਂ ਬਾਰੇ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਨਾ। ਬਾਬਾ ਬੰਦਾ ਸਿੰਘ ਬਹਾਦਰ ਨੇ ਵਫ਼ਾਦਾਰੀ ਨਾਲ ਇਸ ਹੁਕਮ ਦੀ ਪਾਲਣਾ ਕੀਤੀ ਅਤੇ ਇਹ ਸਫਲ ਸੀ। ਪਰ ਜਦੋਂ ਚਲਾਕ ਮੁਗਲ ਸ਼ਾਸਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਇੱਕ ਵਿਅਕਤੀ ਵਜੋਂ ਨਿਸ਼ਾਨਬੱਧ ਕਰਨ ਦੀ ਸਾਜ਼ਿਸ਼ ਰਚੀ ਅਤੇ ਉਹ ਇਸ ਜਾਲ ਵਿਚ ਫਸ ਗਿਆ ਤਾਂ ਉਸ ਦਾ ਦੁਖਦਾਈ ਪਤਨ ਹੋਇਆ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪਹਿਲਾਂ ਖ਼ਾਲਸਾ ਰਾਜ ਦੀ ਬੁਨਿਆਦ ਸਮੂਹਿਕ ਬੁੱਧੀ 'ਤੇ ਸੀ। ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ, ਅਤੇ ਸ਼ਾਮ ਸਿੰਘ ਅਟਾਰੀਵਾਲਾ, ਆਦਿ ਨਾਲ ਹਮੇਸ਼ਾ ਸਲਾਹ ਕੀਤੀ ਜਾਂਦੀ ਸੀ।

ਉਨ੍ਹਾਂ ਦੀ ਸਲਾਹ ਦੀ ਪਾਲਣਾ ਕੀਤੀ ਜਾਂਦੀ ਸੀ। ਮਹਾਰਾਜਾ 'ਸਰਕਾਰੇ ਖਾਲਸਾ' ਦੇ ਪ੍ਰਤੀਨਿੱਧ ਵਜੋਂ ਦਸਤਖਤ ਕਰਦੇ ਸਨ। ਪਰ ਡੋਗਰਿਆਂ ਦੇ ਛਲ ਪ੍ਰਭਾਵ (ਨਸ਼ੇ, ਖਾਣ ਪੀਣ ਅਤੇ ਜਿਨਸੀ ਰਿਸ਼ਵਤਖੋਰੀ ਅਧੀਨ), ਮਹਾਰਾਜੇ ਨੇ ਸਮੂਹਿਕ ਸਿਆਣਪ ਦੀ ਵਰਤੋਂ ਬੰਦ ਕਰ ਦਿੱਤੀ ਅਤੇ ਬਹਾਦਰ ਸਿੱਖਾਂ ਨੂੰ ਪਾਸੇ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਨਾਲ ਹੀ ਸਾਰੇ ਫੈਸਲਿਆਂ 'ਤੇ ਰਣਜੀਤ ਸਿੰਘ (ਮਹਾਰਾਜਾ) ਵਜੋਂ ਦਸਤਖਤ ਕਰਨੇ ਸ਼ੁਰੂ ਕਰ ਦਿੱਤੇ। ਸਿੱਟੇ ਵਜੋਂ ਉਸ ਨੇ ਆਪਣੇ ਕਿਸੇ ਪੁੱਤਰ ਨੂੰ ਰਾਜ ਦਾ ਵਾਰਸ ਨਿਯੁਕਤ ਕਰਨ ਦੀ ਪਰਵਾਹ ਨਹੀਂ ਕੀਤੀ। ਬਾਕੀ ਇਤਿਹਾਸ ਗਵਾਹ ਹੈ ਕਿ ਉਸ ਦੇ ਰਾਜ ਦਾ ਦੁਖਦਾਈ ਪਤਨ ਕਿਵੇਂ ਹੋਇਆ।

ਭਾਰਤ ਛੱਡਣ ਸਮੇਂ (1946-47) ਅੰਗਰੇਜ਼ ਭਾਰਤ ਦਾ ਕੁਝ ਹਿੱਸਾ ਸਿੱਖਾਂ ਨੂੰ ਦੇਣ ਲਈ ਇੱਛੁਕ ਸਨ। ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੇ ਬਲਦੇਵ ਸਿੰਘ ਨੂੰ ਇਸ ਬਾਰੇ ਗੁਪਤ ਤੌਰ ਤੇ ਦੱਸਿਆ ਗਿਆ। ਉਸ ਸਮੇਂ ਬਲਦੇਵ ਸਿੰਘ ਭਾਰਤੀ ਡੈਲੀਗੇਸ਼ਨ ਦੇ ਮੈਂਬਰ ਵਜੋਂ ਲੰਡਨ ਵਿੱਚ ਸਨ, ਜਿਸ ਦੇ ਜਵਾਹਰ ਲਾਲ ਨਹਿਰੂ ਵੀ ਮੈਂਬਰ ਸਨ। ਬਲਦੇਵ ਸਿੰਘ ਵਲੋਂ ਨਹਿਰੂ ਨਾਲ ਗੁਪਤ ਮਾਮਲਾ ਸਾਂਝਾ ਕਰਨ ਕਰਕੇ ਸਿੱਖਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਹਾਲਾਂਕਿ ਬਹੁਤ ਸਾਰੇ ਬੁੱਧੀਮਾਨ ਅਤੇ ਸੂਝਵਾਨ ਸਿੱਖ ਭਾਰਤ ਵਿਚ ਸਿੱਖਾਂ ਦੇ ਹਿੱਸੇ ਬਾਰੇ ਸੋਚ ਰਹੇ ਸਨ। ਜੇ ਸਮੂਹਕ ਸਿਆਣਪ ਦਾ ਸੰਕਲਪ ਵਰਤ ਕੇ ਘਰ ਵਾਪਿਸ ਆ ਕੇ ਸਿਆਣੇ ਸਿੱਖਾਂ ਨਾਲ ਸਲਾਹ ਕੀਤੀ ਹੁੰਦੀ ਤਾਂ ਸਥਿਤੀ ਬਦਲ ਸਕਦੀ ਸੀ। ਫਿਰ ਇੱਕ ਬਹੁਤ ਹੀ ਸਮਰਪਿਤ ਸਿੱਖ ਨੇ ਵਿਅਕਤੀਗਤ ਰੂਪ ਵਿੱਚ ਸਮੁੱਚੀ ਸਿੱਖ ਪੰਥ ਦੀ ਪ੍ਰਤੀਨਿਧਤਾ ਕਰਕੇ ਲਾਹੌਰ ਵਿਖੇ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਲਾਇਆ।

ਇਸ ਵੇਲੇ ਮਾਹੌਲ ਨਸਲੀ ਨਫ਼ਰਤ ਕਾਰਣ ਬਹੁਤ ਤਣਾਅਪੂਰਨ ਸੀ ਅਤੇ ਭਾਰਤ ਦੀ ਵੰਡ ਲਈ ਗੱਲਬਾਤ ਚੱਲ ਰਹੀ ਸੀ। ਅਜਿਹੀਆਂ ਕਾਰਵਾਈਆਂ ਨੇ ਨਫ਼ਰਤ ਨੂੰ ਸ਼ਾਂਤ ਕਰਨ ਦੇ ਵਿਰੁੱਧ ਕੰਮ ਕੀਤਾ। ਇਸ ਨਾਲ ਦੇਸ਼ ਦੀ ਵੰਡ ਵੇਲੇ ਹਜ਼ਾਰਾਂ ਬੇਕਸੂਰ ਲੋਕਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਭਿਆਨਕ ਇਤਿਹਾਸ ਹੈ।

ਵੰਡ ਤੋਂ ਬਾਅਦ ਪੰਜਾਬ ਦਾ ਕੀਮਤੀ ਪਾਣੀ ਇੱਕ ਸਿੱਖ ਆਗੂ ਨੇ ਰਾਜਸਥਾਨ ਨੂੰ ਮੁਫਤ ਦਿੱਤਾ ਸੀ, ਇੱਕ ਉੱਚ ਰਾਜਨੀਤਿਕ ਸਥਿਤੀ ਪ੍ਰਾਪਤ ਕਰਨ ਅਤੇ ਬਰਕਰਾਰ ਰੱਖਣ ਲਈ। ਇੱਕ ਸਿੱਖ ਲੀਡਰ ਦਾ ਕੇਂਦਰ ਨਾਲ ਪਾਣੀ ਦਾ ਇਹ ਦੁਖਦਾਈ ਸੌਦਾ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਕਾਸ਼ ਉਸ ਨੇ ਮਾਹਿਰਾਂ ਨਾਲ ਸਲਾਹ ਕੀਤੀ ਹੁੰਦੀ ਜੋ ਉਸ ਨੂੰ ਲੰਮੇ ਸਮੇਂ ਲਈ ਸੁਚੇਤ ਕਰ ਸਕਦੇ ਸਨ। ਪਾਣੀ ਦੀ ਕਮੀ ਦੇ ਵਿਨਾਸ਼ਕਾਰੀ ਪ੍ਰਭਾਵ ਨਾਲ ਪੰਜਾਬ ਬੰਜਰ ਹੋ ਰਿਹਾ ਹੈ। ਜਦੋਂ ਕੋਈ ਡੂੰਘਾਈ ਨਾਲ ਦੇਖਦਾ ਹੈ ਕਿ ਰਾਜਸਥਾਨ ਵਿਚ ਨਹਿਰ ਦਾ ਦਿਲ ਧੜਕਦਾ ਹੈ ਪਰ ਇੱਕ ਬੂੰਦ ਪੰਜਾਬ ਲਈ ਨਹੀਂ ਤਾਂ ਕੋਈ ਵਿਰਲਾਪ ਹੀ ਕਰ ਸਕਦਾ ਹੈ।

ਅਸੀਂ ਵੇਖ ਸਕਦੇ ਹਾਂ ਕਿ ਕਿਵੇਂ ਇੱਕ ਸਿੱਖ 'ਸੰਤ' ਨੇ ਆਪਣੀ ਸਹੁੰ ਤੋਂ ਮੁੱਕਰ ਕੇ ਸਿੱਖ ਪੰਥ ਨੂੰ ਸ਼ਰਮਸਾਰ ਕੀਤਾ ਸੀ। ਨੱਬੇ ਦਾ ਅਤੇ ਦੋ ਹੋਰ ਦਹਾਕੇ, ਇਸ ਦੇ ਗਵਾਹ ਹਨ ਕਿ ਹਉਮੈ-ਪ੍ਰੇਰਿਤ, ਸੁਆਰਥੀ ਅਤੇ ਭ੍ਰਿਸ਼ਟ ਸਿੱਖ ਪ੍ਰਤੀਨਿਧਾਂ ਅਤੇ ਰਾਜਨੀਤਕ ਆਗੂਆਂ ਦੁਆਰਾ ਕਿਵੇਂ ਸਿੱਖ ਨੌਜਵਾਨਾਂ ਅਤੇ ਪੰਜਾਬ ਦੀ ਤਬਾਹੀ ਕੀਤੀ ਗਈ। ਆਪਣੀ ਸ਼ਾਨ ਅਤੇ ਲਾਲਚ ਲਈ ਹਰ ਸਿੱਖ ਆਗੂ ਕਿਸੇ ਵੀ ਪੱਧਰ ਤੱਕ ਝੁਕਦਾ ਰਿਹਾ ਹੈ। ਇਨ੍ਹਾਂ ਪ੍ਰਮੁਖ ਸਿੱਖ ਲੀਡਰਾਂ ਕਾਰਨ ਪੰਜਾਬ ਹੋਰ ਅਰਾਜਕਤਾ ਵਿੱਚ ਡੁੱਬ ਗਿਆ।

ਰਾਜਨੀਤੀ ਤੋਂ ਇਲਾਵਾ ਹੋਰ ਖੇਤਰਾਂ ਵਿੱਚ ਵੀ ਸਿੱਖਾਂ ਵਿਚ ਸਮੂਹਿਕ ਸਿਆਣਪ ਨਾਲੋਂ ਵਿਅਕਤੀਗਤ ਵਡਿਆਈ ਵਲ ਰੁਝਾਨ ਬਹੁਤ ਆਮ ਹੈ। ਉਦਾਹਰਣ ਲਈ ਅਕਾਦਮਿਕ ਖੇਤਰ ਵਿੱਚ ਇੱਕ ਸਿੱਖ ਵਿਅਕਤੀਗਤ ਯੋਗਤਾ ਨੂੰ ਉਭਾਰਨ ਲਈ ਕਿਸੇ ਹੋਰ ਦੇ ਪ੍ਰਭਾਵ ਨੂੰ ਘੱਟ ਤੋਂ ਘੱਟ ਕਰਕੇ, ਆਪਣੀ ਯੋਗਤਾ ਨੂੰ ਉਭਾਰਦਾ ਹੈ। ਸਿੱਟੇ ਵਜੋਂ ਬਹੁਤ ਸਾਰੇ ਖੇਤਰਾਂ ਵਿੱਚ ਸਿੱਖਾਂ ਦਾ ਕੋਈ ਸੰਗਠਨ ਨਹੀਂ ਉੱਭਰਿਆ ਅਤੇ ਅਕਾਦਮਿਕ ਉਪਲਬਧੀ ਘੱਟ ਹੋਈ ਹੈ।

ਧਿਆਨ ਵਿਚ ਰੱਖਣ ਨਾਲ ਇਹ ਪ੍ਰਤੀਤ ਹੁੰਦਾ ਹੈ ਕਿ ਜਦੋਂ ਵੀ ਫੈਸਲਾ ਲੈਣ ਦੀ ਸ਼ਕਤੀ ਇਕ ਸਿੱਖ ਆਗੂ, ਕਿਸੇ ਸਿਆਸੀ ਜਾਂ ਧਾਰਮਿਕ ਪ੍ਰਕਿਰਿਆ ਰਾਹੀਂ, ਕੇਂਦਰਿਤ ਹੋਈ, ਸਿੱਖਾਂ ਦਾ ਨੁਕਸਾਨ ਹੋਇਆ ਹੈ। ਫਿਰ ਵੀ ਅਸੀਂ ਇਕ ਵਿਅਕਤੀ ਦੇ ਚਮਤਕਾਰੀ ਰੂਪ ਵਿੱਚ ਪ੍ਰਗਟ ਹੋਣ ਲਈ ਇੱਕ ਵਿਅਕਤੀ ਦੀ ਭਾਲ ਕਰ ਰਹੇ ਹਾਂ ਜੋ ਸਾਡੀ ਅਗਵਾਈ ਕਰੇ।

ਕੀ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੂਹਕ ਸਿਆਣਪ ਵਾਲੇ ਹੁਕਮ ਦੇ ਵਿਰੁੱਧ ਨਹੀਂ ਹੈ? ਇਸ ਲਈ, ਸੋਚਣ ਦੀ ਲੋੜ ਹੈ ਕਿ "ਸਮੂਹਿਕ ਬੁੱਧ" ਦੀ ਧਾਰਨਾ ਕਿਵੇਂ ਵਰਤੀ ਜਾਵੇ। ਅਜ ਸਿੱਖਾਂ ਨਾਲ ਸਬੰਧਤ ਵਧੇਰੇ ਰਾਜਨੀਤਿਕ ਨਿਜ਼ਾਮ ਪੰਥ ਵਿੱਚ ਸਮੂਹਕ ਸਿਆਣਪ ਲਿਆਉਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ।

ਕੁਝ ਚੁਣੇ ਗਏ ਸਿੱਖ ਜ਼ਿਆਦਾਤਰ ਪੈਸੇ ਲਈ ਹੀ ਕੰਮ ਕਰਦੇ ਹਨ ਅਤੇ ਸਿੱਖੀ ਵਿੱਚ ਮਾਹਰ ਹੋਣ ਤੋਂ ਕੋਹਾਂ ਦੂਰ ਹਨ। ਇਹ ਸਾਡੇ ਪੰਥ ਅਤੇ ਸਿੱਖ ਸਮਾਜ ਨੂੰ ਕੋਈ ਅਜਿਹੀ ਸਿਆਣਪ ਪ੍ਰਦਾਨ ਨਹੀਂ ਕਰ ਸਕਦੇ ਜਿਸ ਨਾਲ ਸਮਾਜਿਕ ਤੌਰ 'ਤੇ ਸਫਲਤਾਪੂਰਵਕ ਵਿਕਾਸ ਹੋ ਸਕੇ।

ਆਰਥਿਕ, ਧਾਰਮਿਕ, ਉਦਯੋਗਿਕ, ਰਾਜਨੀਤਿਕ ਅਤੇ ਸੱਭਿਆਚਾਰਕ ਖੇਤਰਾਂ ਵਿਚ ਸਹੀ ਦਿਸ਼ਾ ਦੇਣ ਲਈ ਸਾਨੂੰ ਵਧੀਆ ਪ੍ਰਤਿਭਾ ਅਤੇ ਲੀਡਰਸ਼ਿਪ ਲਿਆਉਣ ਦੀ ਲੋੜ ਹੈ। ਹਰੇਕ ਖੇਤਰ ਵਿੱਚ ਮਾਹਿਰਾਂ ਦਾ ਇੱਕ "ਸਲਾਹਕਾਰ ਸੰਗਠਨ" ਚਾਹੀਦਾ ਹੈ। ਇਹ ਮਾਹਰ ਸਮੂਹਿਕ ਬੁੱਧੀ ਦੇ ਨਾਲ ਨਾਲ ਕਿਸੇ ਇੱਕ ਸਬੰਧਤ ਮੁੱਦੇ 'ਤੇ ਮਾਰਗਦਰਸ਼ਨ ਪ੍ਰਦਾਨ ਕਰ ਸਕਦੇ ਹਨ। ਸੁਆਰਥੀ ਅਤੇ ਭ੍ਰਿਸ਼ਟ ਨੇਤਾਵਾਂ ਲਈ ਅਜਿਹੀ ਧਾਰਣਾ ਨਾਲ ਸਹਿਮਤ ਹੋਣਾ ਆਸਾਨ ਕੰਮ ਨਹੀਂ ਹੋਵੇਗਾ। ਪਰ ਜੇਕਰ ਆਮ ਸਿੱਖਾਂ ਨੂੰ ਇਸ ਦੁੱਖ ਤਕਲੀਫ ਤੋਂ ਜਾਣੂ ਕਰਵਾਇਆ ਜਾਵੇ ਅਤੇ ਸਮੂਹਿਕਤਾ ਦੇ ਸੰਕਲਪ ਦੀ ਪਾਲਣਾ ਨਾ ਕਰਨ ਕਾਰਣ ਪੰਥ 'ਤੇ ਲਿਆਂਦੇ ਗਏ ਦੁੱਖਾਂ ਵਿਚ ਸਮੇਂ ਸਿਰ ਤਬਦੀਲੀ ਲਿਆਂਦੀ ਜਾ ਸਕਦੀ ਹੈ।

Baba Deep Singh Ji *Shaheed*

Sardar Mohan Jit Singh Puri, Delhi (+91 9810854324)

Warrior-Scholar Baba Deep Singh Ji



Burj Baba Deep Singh Damdama Sahib

Gurdwara Shaheedan Amritsar

Baba Deep Singh Ji was "A Beacon of Hope and Resilience" in Sikh History. He holds a special place in Sikh hearts and is revered as one of the most hallowed martyrs in Sikhism. He is celebrated for his unwavering dedication to the teachings of Sikh Gurus and his ultimate sacrifice. Baba Ji was born in January 1682 (to parents Bhai Bhagata Singh Ji and Mai Jeoni Kaur Ji) in a Sikh family, living in Pahuvind, 40 km southwest of Amritsar. An only child, his parents named him Deepa (light).

At the age of twelve, he traveled with his parents to Anandpur Sahib to meet Guru Gobind Singh Ji and stayed there for several days, doing *Sewa* (service) with the Sikh community.

When his parents were ready to return to their village, Guru Sahib asked Deepa to stay with him at Anandpur. He accepted this command, thus embarking on a dedicated journey of service. He immersed himself in his studies of Sikh philosophy and Sri Guru Granth Sahib (SGGS). Guru Ji had appointed teachers of Sanskrit, Brij Bhasha, Persian and Arabic, as he believed that along with training of weapons, education was very essential.

Bhai Deepa learned *Gurmukhi* (Punjabi script) and several other languages from renowned scholars. His hand-writing was very fine. Here, he also learned the art of horsemanship, hunting and the use of the bow and other weapons.

At the age of eighteen, he received *Amrit* from the *Panj Pyare* at Anandpur Sahib on *Vaisakhi* day and took an oath to serve as one of Waheguru warriors (*Akal Purakh dee Fau*j). With his new name, Deep Singh also learned that Sikhs are ordained to always help the weak and needy, and to fight for truth and justice. After receiving the vows of the *Khalsa*, he stayed on in Anandpur to continue his studies of the sacred texts under Bhai Mani Singh Ji. He quickly earned a special place as one of Guru Gobind Singh Ji's cherished disciples. In 1702, Guru Gobind Singh ji told him to return to his village to help his parents. He returned home, got married. In 1705, a Sikh messenger arrived to inform him that Guru Ji had left his fort in Anandpur Sahib and heard all that happened there during his absence.

Baba Deep Singh Ji immediately left Pahuvind and met with Sahib at Damdama Sahib in Talwandi Sabo. Here, he learned further about the martyrdom of the two *elder Sahibzadeys* of Guru Sahib in the Battle of Chamkaur Sahib and the martyrdom of the two *younger Sahibzadeys* and Mata Gujri Ji at Sirhind. Baba Deep Singh Ji worked along with Bhai Mani Singh Ji to prepare the final text of Sri Guru Granth Sahib, under the supervision and guidance of Guru Gobind Singh Ji.

After its completion Baba Deep Singh Ji continued, for several years, to write four additional copies of the holy scriptures. These were dispersed, a copy each to: Sri Akal Takhat Sahib, Sri Takhat Patna Sahib, Sri Takhat Hazur Sahib and Sri Takhat Anandpur Sahib. Another copy of the Sri Guru Granth Sahib was prepared in Arabic script. It was sent to the Middle East.

In 1706, before Guru Gobind Singh Ji traveled to the Deccan, he appointed Baba Deep Singh in charge of Damdama Sahib and sent Bhai Mani Singh Ji to Darbar Sahib in Amritsar. Baba Deep Singh Ji spent many years at Damdama Sahib preaching Sikh values and doing service. He was always ready to serve those in need and to fight for justice. He also continued to write *Gutkas* (Small books of Hymns from SGGS), distributing them to the Sikh community. He became very popular among the public in general and meek in particular.

In an incident related to one Karam Chand was attacked by landlord Nasar Din. His son was killed, and his daughter-in-law and daughter were abducted. Baba Deep Singh Ji was filled with rage. He and his team besieged Nasar Din’s village Garhi Peerari. He rescued both women and duly handed them over to seriously wounded Karam Chand.

Baba Deep Singh Ji also took care of the wounded Karam Chand, who was so influenced by the benevolence and bravery of Baba Ji, that he got himself baptized and adorned himself as a Sikh.

In1709, Baba Deep Singh Ji joined Banda Singh Bahadur, the Jathedar appointed by the Guru Gobind Singh Ji to fight for the freedom of Punjab. They fought together in the battle at Sirhind, the city in which Guru Gobind Singh Ji's younger sons had been martyred. Although the Muslim army outnumbered the Sikhs significantly, the Khalsa army defeated the Muslim forces, very badly. During the battle, Wazir Khan was killed, closing the chapter of tyranny of this Mughal leader.

In 1732, he went to the rescue of Sardar Ala Singh who had been besieged in Barnala by Manjh and Bhatti Rajputs in collaboration with the Faujdar of Jalandhar and the *Nawab* of Malerkotla. In 1733, when the Mughal governor of Lahore sought peace with the Sikhs offering them a Nawabship and a *Jagir*, Baba Deep Singh Ji and his jatha joined Nawab Kapur Singh at Amritsar to form a joint Sikh force, called the *Dal Khalsa*, which was then divided for administrative convenience into the *Buddha Dal* and the *Taruna Dal*. The latter was further split into five jathas. Sardar Deep Singh Ji, now reverently called Baba, was given the command of one of these jathas which in 1748 were re-designated *Misls* or confederations. Baba Deep Singh became the leader and his Misl came to be known as *Shaheedi Misl*. As the leader of this confederation, he achieved numerous victories for the Sikhs. This had its sphere of influence south of the River Sutlej. Baba Deep Singh Ji's headquarters remained at Talvandi Sabo, near Bathinda. The tower in which he lived still stands next to the Takht Sri Damdama Sahib and is known as *Burj* Baba Deep Singh Shaheed.

Baba Deep Singh Ji fought the most famous Battle of his life at Amritsar in November 1757. Upon learning of the desecration of Darbar Sahib, Amritsar, by the large Afghan Army, he led a much smaller jatha of Sikhs to liberate the holy site. He fought bravely and was martyred near Amritsar.

The detailed historical aspects related to the Uniqueness of Baba Deep Singh Ji's martyrdom shall be covered in this magazine’s November 2025 issue.

(Sardar Mohan Jit Singh Puri retired as General Manager of VSNL, Delhi).

Scientific Studies of the Eclipses during 2025

Ransher Raj Singh, Grade-12, Sir Winston Churchill High School,
Calgary (Canada)

In 2025, there will be four Eclipses. These are - Total Lunar Eclipse on March 14, Partial Solar Eclipse on March 29, Total Lunar Eclipse on September 7-8, and Partial Solar Eclipse on September 21-22. Scientists plan to study these eclipses at many locations around the world.

Total Lunar Eclipse in March will be visible in North America, Western Europe, Western Africa, and North and South Atlantic Ocean regions.

Total Lunar Eclipse in September will be visible in Europe, Asia, Australia, Africa, and parts of the Pacific and Indian Oceans.

Patial Solar Eclipse of March will be visible in Europe, Asia, Africa, North America, South America, Atlantic and Arctic Oceans.

Partial Solar Eclipse in September will be visible in Australia, Antarctica, Pacific Ocean, Atlantic Ocean.

To learn from these eclipses scientists plan to make following observations.

Solar Activity studies of outer Sun, corona, and solar flares, help to understand space weather and its impact on Earth. In solar eclipse, the Moon blocks the Sun's bright disc, allowing observing Sun's corona which is usually obstructed by the Sun's glare. Studying the corona helps to understand Solar Wind acceleration and coronal mass ejections, which can impact Earth's space environment.

Moon's Surface *and* ***Atmospheric*** studies help to understand its composition and potential for future exploration. Lunar eclipses offer a chance to analyze how different lunar regions cool during eclipse and structure of the lunar surface

Earth's Atmospheric Studies during eclipses by observing how the particles scatter the sunlight during these events provide very valuable data on the atmospheric composition. By observing how the atmosphere filters and refracts the sunlight, scientists are able to obtain better understanding of Earth's atmospheric behavior.

These studies advance our understanding of the Sun, Moon and Earth's atmosphere, giving new scientific knowledge with applications in space exploration and weather prediction. Eclipses serve as natural experiments to test astronomical instruments and models, enhancing the accuracy of future observations.

Partial Solar Eclipse

Total Lunar Eclipse

ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। (gurdish.grewal@gmail.com)

ਡਾ. ਸਰਦਾਰ ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। (singhkabal285@gmail.com)

ਡਾ. ਸਰਦਾਰ ਬਲਦੇਵ ਸਿੰਘ, ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ, "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕਰ ਕੇ, ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ ਅਤੇ ਅਲਬਰਟਾ ਐਨਵਾਇਰਮੈਂਟ ਦੇ ਸਲਹਕਾਰ ਰਹੇ।

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਮ.ਏ. ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

ਸਰਦਾਰ ਕਰਮਜੀਤ ਸਿੰਘ ਨੂਰ ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿੱਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (ksnoor50@gmail.com.)

ਡਾ. ਸਰਦਾਰ ਡੀ. ਪੀ. ਸਿੰਘ, ਭੌਤਿਕ ਵਿਗਿਆਨੀ, ਅਧਿਆਪਕ, ਅਤੇ ਪ੍ਰਸਿੱਧ ਲੇਖਕ ਹਨ, ਜਿਨ੍ਹਾਂ ਨੇ ਵਾਤਾਵਰਣ, ਸਮਾਜਿਕ ਸਮੱਸਿਆਵਾਂ ਅਤੇ ਸਿੱਖ ਅਧਿਆਤਮਿਕਤਾ ਉੱਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਬਹੁਤ ਕੁਝ ਲਿਖਿਆ ਹੈ। ਉਨ੍ਹਾਂ ਨੇ 24 ਕਿਤਾਬਾਂ, ਸੈਂਕੜੇ ਲੇਖ ਤੇ ਕਹਾਣੀਆਂ, 26 ਕਿਤਾਬਾਂ ਦੇ ਅਧਿਆਏ, ਅਤੇ 25 ਕਿਤਾਬਾਂ ਦੀਆਂ ਸਮੀਖਿਆਵਾਂ ਪ੍ਰਕਾਸ਼ਿਤ ਕੀਤੀਆਂ ਹਨ। ਉਹ ਮਿਸੀਸਾਗਾ (ਓਨਟਾਰੀਓ) ਵਿਖੇ ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਆਨਰੇਰੀ ਡਾਇਰੈਕਟਰ ਹਨ।

ਸਰਦਾਰਨੀ ਗੁਰਨਾਮ ਕੌਰ ਨੇ Masters' in Punjabi ਅਤੇ Master's in Library and Information Science ਦੀ ਪੜ੍ਹਾਈ ਕੀਤੀ ਹੈ। ਫਿਰ M.Phil. in Library and Information Science ਕਰ ਕੇ ਬਤੌਰ Professional Assistant, Punjabi University, Patiala, ਦੇ Regional Centre Bathinda ਵਿਚ ਸੇਵਾ ਕੀਤੀ ਹੈ।

ਡਾ: ਸਰਦਾਰ ਕਾਲਾ ਸਿੰਘ, ਮੌਲਾਨਾ ਆਜ਼ਾਦ ਮੈਡੀਕਲ ਕਾਲਜ, ਨਵੀਂ ਦਿੱਲੀ, ਤੋਂ ਮੈਡੀਕਲ ਗ੍ਰੈਜੂਏਟ ਹਨ। ਸਿੱਖ ਅਧਿਆਤਮਿਕਤਾ ਅਤੇ ਮਾਨਸਿਕ ਸਿਹਤ ਸਲਾਹ ਦੇ ਖੇਤਰ ਵਿਚ ਕੰਮ ਕਰ ਰਹੇ ਹਨ। ਉਹਨਾਂ ਦੀ ਖੋਜ ਇੱਕ ਮੈਡੀਕਲ ਜਰਨਲ "ਸਪਿਰਿਚੁਅਲਿਟੀ ਐਂਡ ਹੈਲਥ ਇੰਟਰਨੈਸ਼ਨਲ" ਅਤੇ ਇੱਕ ਕਿਤਾਬ "ਗੁਰਮਤਿ ਸਿਧਾਂਤ" (ਭਾਗ-1, (ਐਮਾਜ਼ੋਨ) ਤੇ ਪ੍ਰਕਾਸ਼ਿਤ ਕੀਤਾ। ਉਨ੍ਹਾਂ ਨੂੰ ਬ੍ਰਿਟਿਸ਼ ਪਾਰਲੀਮੈਂਟ ਵਿੱਚ ਪ੍ਰਵਾਸੀ ਭਾਰਤੀਆਂ ਦੀ ਗਲੋਬਲ ਕਨਵੈਨਸ਼ਨ ਵਿੱਚ ਪ੍ਰਵਾਸੀ "ਰਤਨ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਬੀ. ਸੀ. (ਕੈਨੇਡਾ) ਦੀ ਮਲਟੀ-ਫੇਥ ਕੌਂਸਲ ਦੇ (ਸਕੱਤਰ) ਹਨ।

Dr Sukhmander Singh, BSc Engg (Thapar College of Engg & Tech), Master's in Civil Engg. from IIT, Delhi, and PhD from University of California at Berkeley (USA), was Project Engineer-Consultant (San Francisco), and Professor of Civil, Environmental and Sustainable Engineering at Santa Clara University (California).

First Sikh Endowed Professor, he worked with the Trans-Alaska Pipeline and the San Pablo Clearwell Dam, has been teaching in Santa Clara University for 36 years and is Visiting Professor at Cambridge University, UK. Got Lifetime Achievement Award from American Society of Civil Engineers. He wrote a book, "*Walking with the Sikhs of Today"*, and is the President of Sikh Council of North America.

ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਬੜੀ ਸੰਖੇਪ ਜਾਣਕਾਰੀ ਦੇਣ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ *sanjihivrasat.org* ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement'* ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦੱਸਣਾ ਜ਼ਰੂਰੀ ਹੈ ਜੀ।

Important Information for Authors

1. Magazine Policy : To Promote Punjabi Culture, History and Heritage (By Secular, Non-Political, Non-Personal Articles/Poems, after Review)
2. Editorial Board : Will not be responsible for views of Authors / Poets.
3. Font size 12/14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction, Give Phone, E-mail, or WhatsApp. (photo - optional)
7. Maximum : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy -Right : Authors will ensure there is 'No CR' Infringement.
10. References : Source (Author, Title, Journal / Book, Year, Pages.

ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

ਡਾ. ਸਰਦਾਰ ਰਾਜਾ ਬਲਰਾਜ ਸਿੰਘ	ਕੈਲਗਰੀ (ਕੈਨੇਡਾ)
ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ	ਕੈਲਗਰੀ (ਕੈਨੇਡਾ)
ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ	ਐਡਮਿੰਟਨ (ਕੈਨੇਡਾ)
ਡਾ. ਸਰਦਾਰ ਕਾਬਲ ਸਿੰਘ	ਐਡਮਿੰਟਨ (ਕੈਨੇਡਾ)
ਡਾ. ਸਰਦਾਰ ਬਲਦੇਵ ਸਿੰਘ	ਐਡਮਿੰਟਨ (ਕੈਨੇਡਾ)
ਸਰਦਾਰ ਜਗਬੀਰ ਸਿੰਘ ਕੋਹਲੀ	ਕੈਲਗਰੀ (ਕੈਨੇਡਾ)
ਸਰਦਾਰ ਪਰਮਜੀਤ ਸਿੰਘ	ਟੋਰੋਂਟੋ (ਕੈਨੇਡਾ)
ਪ੍ਰਿੰਸੀਪਲ ਸਰਦਾਰਨੀ ਮਨਮੋਹਨ ਕੌਰ	ਦਿੱਲੀ (ਭਾਰਤ)
ਸਰਦਾਰ ਉਂਕਾਰ ਸਿੰਘ ਟਿਵਾਣਾ	ਓਨਟਾਰੀਓ (ਕੈਨੇਡਾ)
ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ)	ਕੈਲਗਰੀ (ਕੈਨੇਡਾ)
ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ)	ਕੈਲਗਰੀ (ਕੈਨੇਡਾ)
ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ)	ਕੈਲਗਰੀ (ਕੈਨੇਡਾ)

ਸਲਾਹਕਾਰ

ਡਾ. ਸਰਦਾਰ ਕਾਲਾ ਸਿੰਘ	ਵੈਨਕੂਵਰ (ਕੈਨੇਡਾ)
ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ	ਵਿੰਡਸਰ (ਕੈਨੇਡਾ)
ਡਾ. ਸਰਦਾਰ ਦੇਵਿੰਦਰ ਪਾਲ ਸਿੰਘ	ਮਿਸੀਸਾਗਾ (ਕੈਨੇਡਾ)
ਡਾ. ਸਰਦਾਰ ਜਗਜੀਤ ਸਿੰਘ	ਵੈਨਕੂਵਰ (ਕੈਨੇਡਾ)
ਸਰਦਾਰ ਕਰਮਜੀਤ ਸਿੰਘ ਨੂਰ	ਜਲੰਧਰ (ਭਾਰਤ)
ਸਰਦਾਰਨੀ ਅਮ੍ਰਿਤਪਾਲ ਕੌਰ	ਜਲੰਧਰ (ਭਾਰਤ)
ਸ਼੍ਰੀ ਰਿਸ਼ੀ ਨਾਗਰ	ਕੈਲਗਰੀ (ਕੈਨੇਡਾ)
ਸਰਦਾਰ ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ)	ਕੈਲਗਰੀ (ਕੈਨੇਡਾ)

ਐਡੀਟੋਰੀਅਲ ਬੋਰਡ

ਡਾ. ਰਾਜਾ ਬਲਰਾਜ ਸਿੰਘ

ਗੁਰਦੀਸ਼ ਕੌਰ ਗਰੇਵਾਲ

ਪ੍ਰੋਫ਼ੈਸਰ ਮਨਿੰਦਰ ਸਿੰਘ

ਡਾ. ਕਾਬਲ ਸਿੰਘ

ਡਾ. ਬਲਦੇਵ ਸਿੰਘ

ਸ. ਜਗਬੀਰ ਸਿੰਘ ਕੋਹਲੀ

ਸ. ਪਰਮਜੀਤ ਸਿੰਘ

ਪ੍ਰਿੰਸੀਪਲ ਮਨਮੋਹਨ ਕੌਰ

ਸ੍ਰ. ਉਂਕਾਰ ਸਿੰਘ ਟਿਵਾਣਾ

ਡਾ. ਰਾਜਬੀਰ ਸਿੰਘ ਭੱਟੀ

ਸ. ਯੁਵਰਾਜ ਸਿੰਘ

ਸੁਰਜੀਤ ਸਿੰਘ ਭੱਟੀ

ਸਲਾਹਕਾਰ

ਡਾ. ਕਾਲਾ ਸਿੰਘ

ਡਾ. ਡੀ. ਪੀ ਸਿੰਘ

ਡਾ. ਜਗਜੀਤ ਸਿੰਘ

ਡਾ. ਦਵਿੰਦਰ ਸਿੰਘ ਸੇਖੋਂ

ਸ੍ਰ. ਕਰਮਜੀਤ ਸਿੰਘ ਨੂਰ

ਅਮ੍ਰਿਤਪਾਂਲ ਕੌਰ

ਰਿਸ਼ੀ ਨਾਗਰ

ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ